Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 26 27/05/2025 www.samajweekly.com samajweekly @samajweekly samajweekly

# ਪੰਜਾਬ 'ਚ ਦੇਸ਼ ਦੀ ਪਹਿਲੀ ਜਾਇਦਾਦ ਰਜਿਸਟ੍ਰੇਸ਼ਨ ਪ੍ਰਣਾਲੀ ਸ਼ੁਰੂ

## ਲੰਬੀਆਂ ਲਾਈਨਾਂ ਤੇ ਦਲਾਲਾਂ ਦਾ ਦੌਰ ਖ਼ਤਮ: ਭਗਵੰਤ ਮਾਨ; ਕੇਜਰੀਵਾਲ ਨੇ ਭ੍ਰਿਸ਼ਟਾਚਾਰ ਖ਼ਤਮ ਅਤੇ ਪਾਰਦਰਸ਼ਤਾ ਸ਼ੁਰੂ ਹੋਣ ਦਾ ਕੀਤਾ ਦਾਅਵਾ; ਸਿਰਫ਼ 48 ਘੰਟਿਆਂ ਵਿੱਚ ਮੁਕੰਮਲ ਹੋਵੇਗੀ ਰਜਿਸਟਰੀ ਦੀ ਪ੍ਰਕਿਰਿਆ

**ਐੱਸਏਐੱਸ ਨਗਰ (ਮੁਹਾਲੀ),** ਪੰਜਾਬ ਦੀ 'ਆਪ' ਸਰਕਾਰ ਵੱਲੋਂ ਅੱਜ 'ਈਜ਼ੀ ਰਜਿਸਟਰੀ' ਪ੍ਰਣਾਲੀ (ਜ਼ਮੀਨ-ਜਾਇਦਾਦ ਦੀ ਰਜਿਸਟਰੀ ਸੌਖੇ ਢੰਗ ਨਾਲ ਕਰਨ) ਦੀ ਸ਼ੁਰੂਆਤ ਕੀਤੀ ਗਈ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਇਸ ਦੀ ਸ਼ੁਰੂਆਤ ਕੀਤੀ। ਇਸ ਬਾਰੇ ਮਾਨ ਨੇ ਕਿਹਾ ਕਿ ਹੁਣ ਲੰਬੀਆਂ ਲਾਈਨਾਂ ਤੇ ਵਿਚੋਲਿਆਂ ਦਾ ਦੌਰ ਖ਼ਤਮ ਹੋ ਗਿਆ ਹੈ। ਇਸੇ ਤਰ੍ਹਾਂ ਕੇਜਰੀਵਾਲ ਨੇ ਭ੍ਰਿਸ਼ਟਾਚਾਰ ਖ਼ਤਮ ਅਤੇ ਪਾਰਦਰਸ਼ਤਾ ਸ਼ੁਰੂ ਹੋਣ ਦਾ ਦਾਅਵਾ ਕੀਤਾ। ਕੇਜਰੀਵਾਲ ਨੇ ਕਿਹਾ, 'ਪੰਜਾਬ ਦੇ ਇਤਿਹਾਸ ਵਿੱਚ ਇਹ ਇਨਕਲਾਬੀ ਕਦਮ ਹੈ। ਲੋਕਾਂ ਨੂੰ ਹੁਣ ਦਫ਼ਤਰਾਂ ਵਿੱਚ ਖੱਜਲ-ਖੁਆਰ ਨਹੀਂ ਹੋਣਾ ਪਵੇਗਾ ਅਤੇ ਨਾ ਹੀ ਏਜੰਟਾਂ ਜਾਂ ਦਲਾਲਾਂ ਨਾਲ ਵਾਹ ਪਵੇਗਾ। ਹੁਣ ਸ਼ੁਰੂ ਤੋਂ ਲੈ ਕੇ ਅੰਤ ਤੱਕ ਹਰ ਜਾਣਕਾਰੀ ਮੋਬਾਈਲ 'ਤੇ ਮਿਲਿਆ ਕਰੇਗੀ। ਸਿਰਫ਼ 48 ਘੰਟਿਆਂ ਵਿੱਚ ਰਜਿਸਟਰੀ ਦੀ ਪ੍ਰਕਿਰਿਆ ਮੁਕੰਮਲ ਹੋ ਜਾਵੇਗੀ।'ਕੇਜਰੀਵਾਲ ਨੇ ਕਿਹਾ ਕਿ ਦਸਤਾਵੇਜ਼ ਤਿਆਰ ਕਰਨ ਲਈ ਹੈਲਪਲਾਈਨ ਨੰਬਰ-1076 ਰਾਹੀਂ ਸੇਵਾ ਸਹਾਇਕਾਂ ਨੂੰ ਘਰ ਵੀ ਬੁਲਾਇਆ ਜਾ ਸਕਦਾ ਹੈ। ਇਸ ਨਾਲ ਪੇਂਡੂ ਪਰਿਵਾਰਾਂ, ਸੀਨੀਅਰ ਨਾਗਰਿਕਾਂ, ਕੰਮਕਾਜ ਵਾਲੇ ਪੇਸ਼ੇਵਰਾਂ ਅਤੇ ਬਾਹਰ ਨਾ ਜਾ ਸਕਣ ਵਾਲਿਆਂ ਨੂੰ ਵੱਡੀ ਸਹੂਲਤ ਮਿਲੇਗੀ। ਉਨ੍ਹਾਂ ਕਿਹਾ ਕਿ ਨਵੀਂ ਪ੍ਰਣਾਲੀ ਤਹਿਤ ਲੋਕਾਂ ਨੂੰ ਰਜਿਸਟਰੀ ਲਈ ਦਸਤਾਵੇਜ਼ ਜਮ੍ਹਾਂ ਕਰਵਾਉਣ, ਪ੍ਰਵਾਨਗੀ, ਅਦਾਇਗੀ ਅਤੇ ਦਫ਼ਤਰ ਆਉਣ ਦਾ ਸਮਾਂ ਲੈਣ ਜਿਹੀ ਸਾਰੀ ਜਾਣਕਾਰੀ ਵਟਸਐਪ ਰਾਹੀਂ ਮਿਲਿਆ ਕਰੇਗੀ। ਉਨ੍ਹਾਂ ਕਿਹਾ ਕਿ ਹੁਣ ਬੇਯਕੀਨੀ ਦਾ ਦੌਰ ਖ਼ਤਮ ਹੋ ਗਿਆ ਹੈ, ਜਿਸ ਨਾਲ ਸਿਸਟਮ ਵਿੱਚ ਲੋਕਾਂ ਦਾ ਭਰੋਸਾ ਹੋਰ ਵਧੇਗਾ। ਉਨ੍ਹਾਂ ਕਿਹਾ ਕਿ ਆਨਲਾਈਨ ਦਸਤਾਵੇਜ਼ ਜਮ੍ਹਾਂ ਕਰਵਾਉਣ, ਡਿਜੀਟਲ ਵਿਧੀ ਨਾਲ ਅਗਾਊਂ ਪੜਤਾਲ ਕਰਨ ਅਤੇ ਰਜਿਸਟਰੀ ਲਈ ਸਬ-ਰਜਿਸਟਰਾਰ ਦਫ਼ਤਰ ਜਾਣ ਲਈ ਖ਼ੁਦ ਹੀ ਸਮੇਂ ਦੀ ਚੋਣ ਕਰਨ ਵਰਗੀਆਂ ਸਹੂਲਤਾਂ ਹੋਣਗੀਆਂ ਅਤੇ ਕਿਸੇ ਵੀ ਨਾਗਰਿਕ ਨੂੰ ਹੁਣ ਲੰਮੀਆਂ ਲਾਈਨਾਂ ਵਿੱਚ ਲੱਗਣ ਅਤੇ ਦਫ਼ਤਰਾਂ ਦੇ ਵਾਰ-ਵਾਰ ਗੇੜੇ ਮਾਰਨ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ 48 ਘੰਟਿਆਂ ਦੇ ਅੰਦਰ ਅਗਾਊਂ ਪੜਤਾਲ ਕਰਨੀ ਹੋਵੇਗੀ ਅਤੇ ਰਜਿਸਟਰੀ ਕਰਵਾਉਣ ਲਈ ਉਡੀਕ ਨਹੀਂ ਕਰਨੀ ਪਵੇਗੀ ਸਗੋਂ ਰਜਿਸਟਰੀ ਪਹਿਲਾਂ ਤੋਂ ਨਿਰਧਾਰਿਤ ਸਮੇਂ 'ਤੇ ਹੋਵੇਗੀ ਜਿਸ ਨਾਲ ਲੋਕਾਂ ਦਾ ਸਮਾਂ ਬਚੇਗਾ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਇਸ ਵਿਵਸਥਾ ਨਾਲ ਏਜੰਟ ਕਲਚਰ ਦਾ ਖ਼ਾਤਮਾ ਹੋ ਗਿਆ ਹੈ ਕਿਉਂਕਿ ਹੁਣ ਨਗਦੀ ਦੀ ਥਾਂ ਆਨਲਾਈਨ ਫੀਸ ਦਾ ਭੁਗਤਾਨ ਹੋਵੇਗਾ ਅਤੇ ਰਿਸ਼ਵਤ ਮੰਗਣ ਬਾਰੇ ਸ਼ਿਕਾਇਤ ਦੇਣ ਲਈ ਵਟਸਐਪ ਨੰਬਰ ਦੀ ਸ਼ੁਰੂਆਤ ਕੀਤੀ ਗਈ ਹੈ। ਸੇਲਡੀਡ ਦਾ ਖਰੜਾ ਖ਼ੁਦ ਤਿਆਰ ਕਰਨ ਦੀ ਵਿਵਸਥਾ ਕੀਤੀ ਗਈ ਹੈ। ਇਸ ਤੋਂ ਇਲਾਵਾ ਸੇਵਾ ਸਹਾਇਕਾਂ ਰਾਹੀਂ ਘਰ ਬੈਠਿਆਂ ਰਜਿਸਟਰੀ ਦੇ ਦਸਤਾਵੇਜ਼ ਤਿਆਰ ਕਰਨ ਲਈ ਸੇਵਾਵਾਂ ਹਾਸਲ ਹੋਣਗੀਆਂ। ਜਿਸ ਨਾਲ ਲੋਕਾਂ ਨੂੰ ਸੇਲਡੀਡ ਤਿਆਰ ਕਰਨ ਲਈ ਪ੍ਰਾਈਵੇਟ ਲੋਕਾਂ ਅਤੇ ਵਿਚੋਲਿਆਂ ਰਾਹੀਂ ਵਸੂਲੀਆਂ ਜਾਂਦੀਆਂ ਮੋਟੀਆਂ ਫੀਸਾਂ ਨਹੀਂ ਦੇਣੀਆਂ ਪੈਣਗੀਆਂ। ਭਗਵੰਤ ਮਾਨ ਨੇ ਕਿਹਾ ਕਿ ਨਾਗਰਿਕ 'ਡਰਾਫ਼ਟ ਮਾਈ ਡੀਡ' ਟੂਲ ਦੀ ਵਰਤੋਂ ਕਰਕੇ ਆਪਣਾ ਦਸਤਾਵੇਜ਼ ਖ਼ੁਦ ਤਿਆਰ ਕਰ ਸਕਦੇ ਹਨ ਜਾਂ ਸੇਵਾ ਕੇਂਦਰਾਂ ਜਾਂ ਸੇਵਾ ਸਹਾਇਕਾਂ ਰਾਹੀਂ ਨਿਰਧਾਰਿਤ ਅਤੇ ਘੱਟ ਫੀਸ ਨਾਲ ਸਹਾਇਤਾ ਲੈ ਸਕਦੇ ਹਨ।




# ਮੋਦੀ ਸਰਕਾਰ ਦੇ 11 ਸਾਲ ਪੂਰੇ ਹੋਣ 'ਤੇ ਕਾਂਗਰਸ ਨੇ ਵਿੰਨ੍ਹਿਆ ਨਿਸ਼ਾਨਾ

**ਨਵੀਂ ਦਿਲੀ।** ਮੋਦੀ ਸਰਕਾਰ ਦੇ 11 ਸਾਲ ਪੂਰੇ ਹੋਣ 'ਤੇ ਕਾਂਗਰਸ ਨੇ ਸੋਮਵਾਰ ਨੂੰ ਦੋਸ਼ ਲਾਇਆ ਕਿ 'ਅਣਐਲਾਨੀ ਐਮਰਜੈਂਸੀ' 11 ਸਾਲ ਦੀ ਹੋ ਗਈ ਹੈ ਅਤੇ 'ਚੰਗੇ ਦਿਨ' ਦਾ ਵਾਅਦਾ ਅਸਲ 'ਚ ਇਕ 'ਡਰਾਉਣਾ ਸੁਪਨਾ' ਸਾਬਤ ਹੋਇਆ ਹੈ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਦਾਅਵਾ ਕੀਤਾ ਕਿ ਪਿਛਲੇ 11 ਸਾਲਾਂ 'ਚ 140 ਕਰੋੜ ਲੋਕਾਂ 'ਚੋਂ ਹਰ ਵਰਗ ਪਰੇਸ਼ਾਨ ਰਿਹਾ। ਖੜਗੇ ਨੇ 'ਐਕਸ' 'ਤੇ ਹਿੰਦੀ 'ਚ ਇਕ ਪੋਸਟ 'ਚ ਕਿਹਾ ਕਿ 11 ਸਾਲਾਂ 'ਚ ਵੱਡੇ ਵਾਅਦਿਆਂ ਨੂੰ ਖੋਖਲੇ ਦਾਅਵਿਆਂ 'ਚ ਬਦਲ ਕੇ ਮੋਦੀ ਸਰਕਾਰ ਨੇ ਦੇਸ਼ ਨੂੰ ਇਸ ਤਰ੍ਹਾਂ ਬਰਬਾਦ ਕਰ ਦਿਤਾ ਹੈ ਕਿ 'ਅੱਛੇ ਦਿਨ' ਦਾ ਵਾਅਦਾ ਹੁਣ ਇਕ 'ਬੁਰਾ ਸੁਪਨਾ' ਸਾਬਤ ਹੋਇਆ ਹੈ। ਖੜਗੇ ਨੇ ਕਿਹਾ, ''ਨੌਜੁਆਨ – ਸਾਲਾਨਾ ਦੋ ਕਰੋੜ ਨੌਕਰੀਆਂ ਦਾ ਵਾਅਦਾ ਅਸਲ 'ਚ ਕਰੋੜਾਂ ਨੌਕਰੀਆਂ ਗਾਇਬ ਹੋ ਗਈਆਂ ਹਨ।



ਅਰਥਵਿਵਸਥਾ 'ਤੇ ਖੜਗੇ ਨੇ ਦਾਅਵਾ ਕੀਤਾ ਕਿ ਮਹਿੰਗਾਈ ਅਪਣੇ ਸਿਖਰ 'ਤੇ ਹੈ ਅਤੇ ਬੇਰੁਜ਼ਗਾਰੀ ਦਾ ਹੜ੍ਹ ਆ ਗਿਆ ਹੈ। ਉਸ ਨੇ ਅੱਗੇ ਦਾਅਵਾ ਕੀਤਾ ਕਿ ਖਪਤ ਰੁਕ ਗਈ ਹੈ, 'ਮੇਕ ਇਨ ਇੰਡੀਆ' ਫਲਾਪ ਹੋ ਗਿਆ ਹੈ ਅਤੇ ਨਾਬਰਾਬਰੀ ਵੀ ਅਪਣੇ ਸਿਖਰ 'ਤੇ ਹੈ।

# ਬਰਖ਼ਾਸਤ ਕਾਂਸਟੇਬਲ ਅਮਨਦੀਪ ਕੌਰ ਦੀ ਜਾਇਦਾਦ ਫ਼੍ਰੀਜ਼ ਦੇ ਹੁਕਮ

**ਚੰਡੀਗੜ੍ਹ।** ਪੰਜਾਬ ਵਿਜੀਲੈਂਸ ਬਿਊਰੋ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਅਪਣਾਈ ਗਈ ਜ਼ੀਰੋ-ਸਹਿਣਸ਼ੀਲਤਾ ਨੀਤੀ ਅਨੁਸਾਰ ਪੰਜਾਬ ਪੁਲਿਸ ਦੀ ਬਰਖ਼ਾਸਤ ਮਹਿਲਾ ਸੀਨੀਅਰ ਸਿਪਾਹੀ ਅਮਨਦੀਪ ਕੌਰ (ਨੰਬਰ 621/ਮਾਨਸਾ) ਨੂੰ ਆਮਦਨ ਦੇ ਜਾਣੇ-ਪਛਾਣੇ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਨੰਬਰ 94/2025 ਦੀ ਜਾਂਚ ਤੋਂ ਬਾਅਦ ਮੁਲਜ਼ਮ ਅਮਨਦੀਪ ਕੌਰ ਖ਼ਿਲਾਫ਼ ਬਠਿੰਡਾ ਰੇਂਜ ਦੇ ਪੁਲਿਸ ਥਾਣਾ ਵਿਜੀਲੈਂਸ ਬਿਊਰੋ ਵਿਖੇ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤਾ ਹੈ। ਇਸ ਜਾਂਚ ਦੌਰਾਨ ਉਕਤ ਮੁਲਜ਼ਮ ਦੀ ਤਨਖਾਹ, ਬੈਂਕ ਖਾਤਿਆਂ ਅਤੇ ਕਰਜ਼ੇ ਦੇ



ਰਿਕਾਰਡ ਦੇ ਨਾਲ ਨਾਲ ਉਸ ਵੱਲੋਂ ਸਾਲ 2018 ਅਤੇ 2025 ਦਰਮਿਆਨ ਬਣਾਈਆਂ ਗਈਆਂ ਚੱਲ ਅਤੇ ਅਚੱਲ ਜਾਇਦਾਦਾਂ ਦੇ ਵੇਰਵਿਆਂ ਦੀ ਜਾਂਚ ਕੀਤੀ ਗਈ। ਉਨ੍ਹਾਂ ਦੱਸਿਆ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਉਕਤ ਮਿਆਦ ਦੌਰਾਨ ਅਮਨਦੀਪ ਕੌਰ ਦੀ ਕੁੱਲ ਆਮਦਨ 1,08,37,550 ਰੁਪਏ ਦੇ ਮੁਕਾਬਲੇ ਉਸਦਾ ਖਰਚ 1,39,64,802.97 ਰੁਪਏ ਪਾਇਆ ਗਿਆ, ਜੋ ਕਿ ਉਸਦੀ ਆਮਦਨ ਦੇ ਜਾਣੇ-ਪਛਾਣੇ ਸਰੋਤਾਂ ਤੋਂ 31,27,252.97 ਰੁਪਏ ਅਤੇ ਉਸਦੀ ਜਾਇਜ਼ ਕਮਾਈ ਤੋਂ 28.85 ਫੀਸਦ ਵੱਧ ਹੈ। ਬੁਲਾਰੇ ਨੇ ਅੱਗੇ ਕਿਹਾ ਕਿ ਇਸ ਜਾਂਚ 'ਚ ਸਾਹਮਣੇ ਆਏ ਤੱਥਾਂ ਦੇ ਆਧਾਰ 'ਤੇ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13(1) ਅਤੇ 13(2) ਤਹਿਤ ਵਿਜੀਲੈਂਸ ਬਿਊਰੋ ਥਾਣਾ ਬਠਿੰਡਾ ਰੇਂਜ ਵਿਖੇ ਮੁਕੱਦਮਾ ਨੰਬਰ 15 ਮਿਤੀ 26/05/2025 ਦਰਜ ਕੀਤਾ ਹੈ ਅਤੇ ਕੇਸ ਦੀ ਅਗਲੇਰੀ ਜਾਂਚ ਜਾਰੀ ਹੈ।

## ਪੁਤਿਨ ਪੂਰੀ ਤਰ੍ਹਾਂ ਪਾਗਲ ਹੋ ਗਏ ਹਨ : ਟਰੰਪ



**ਵਾਸ਼ਿੰਗਟਨ।** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਪੁਤਿਨ ਪੂਰੀ ਤਰ੍ਹਾਂ ਪਾਗਲ ਹੋ ਗਏ ਹਨ। ਟਰੰਪ ਨੇ ਇਹ ਬਿਆਨ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ 'ਤੇ ਪੋਸਟ ਕੀਤਾ। ਉਨ੍ਹਾਂ ਨੇ ਲਿਖਿਆ ਹੈ ਕਿ ਮੇਰੇ ਹਮੇਸ਼ਾ ਰੂਸ ਦੇ ਵਲਾਦੀਮੀਰ ਪੁਤਿਨ ਨਾਲ ਬਹੁਤ ਚੰਗੇ ਸਬੰਧ ਰਹੇ ਹਨ, ਪਰ ਉਨ੍ਹਾਂ ਨਾਲ ਕੁਝ ਤਾਂ ਹੋਇਆ ਹੈ। ਉਹ ਪੂਰੀ ਤਰ੍ਹਾਂ ਪਾਗਲ ਹੋ ਗਏ ਹਨ। ਟਰੰਪ ਨੇ ਕਿਹਾ ਕਿ ਯੂਕਰੇਨ ਦੇ ਸ਼ਹਿਰਾਂ ਵਿੱਚ ਬਿਨ੍ਹਾਂ ਕਿਸੇ ਕਾਰਨ ਮਿਜ਼ਾਈਲਾਂ ਅਤੇ ਡਰੋਨ ਦਾਗੇ ਜਾ ਰਹੇ ਹਨ। ਇਸ ਵਿੱਚ ਬਹੁਤ ਸਾਰੇ ਲੋਕ ਮਾਰੇ ਜਾ ਰਹੇ ਹਨ। ਟਰੰਪ ਨੇ ਲਿਖਿਆ ਕਿ ਮੈਂ ਹਮੇਸ਼ਾ ਕਿਹਾ ਹੈ ਕਿ ਉਹ ਸਿਰਫ਼ ਯੂਕਰੇਨ ਦਾ ਇੱਕ ਟੁਕੜਾ ਨਹੀਂ, ਸਗੋਂ ਪੂਰਾ ਯੂਕਰੇਨ ਚਾਹੁੰਦੇ ਹਨ ਅਤੇ ਹੋ ਸਕਦਾ ਹੈ ਕਿ ਇਹ ਸਹੀ ਸਾਬਤ ਹੋ ਰਿਹਾ ਹੈ, ਪਰ ਜੇਕਰ ਉਹ ਅਜਿਹਾ ਕਰਦੇ ਹਨ, ਤਾਂ ਇਹ ਰੂਸ ਦੇ ਪਤਨ ਵੱਲ ਲੈ ਜਾਵੇਗਾ। ਅਮਰੀਕੀ ਰਾਸ਼ਟਰਪਤੀ ਨੇ ਰੂਸ 'ਤੇ ਹੋਰ ਪਾਬੰਦੀਆਂ ਲਗਾਉਣ ਦੀ ਧਮਕੀ ਦਿੱਤੀ। ਟਰੰਪ ਨੇ ਯੂਕਰੇਨ ਦੇ ਰਾਸ਼ਟਰਪਤੀ ਦੀ ਵੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਜਿਸ ਤਰੀਕੇ ਨਾਲ ਜ਼ੇਲੈਂਸਕੀ ਗੱਲ ਕਰਦੇ ਹਨ, ਉਹ ਆਪਣੇ ਦੇਸ਼ ਦਾ ਕੋਈ ਭਲਾ ਨਹੀਂ ਕਰ ਰਹੇ। ਉਨ੍ਹਾਂ ਦੇ ਮੂੰਹੋਂ ਨਿਕਲਦੀ ਹਰ ਚੀਜ਼ ਮੁਸੀਬਤ ਪੈਦਾ ਕਰਦੀ ਹੈ, ਮੈਨੂੰ ਇਹ ਪਸੰਦ ਨਹੀਂ ਹੈ, ਅਤੇ ਜੇਕਰ ਇਸਨੂੰ ਰੋਕ ਦਿੱਤਾ ਜਾਵੇ ਤਾਂ ਬਿਹਤਰ ਹੋਵੇਗਾ। ਟਰੰਪ ਦਾ ਇਹ ਬਿਆਨ ਰੂਸ ਵੱਲੋਂ ਯੂਕਰੇਨ 'ਤੇ 3 ਸਾਲਾਂ ਵਿੱਚ ਕੀਤੇ ਗਏ ਸਭ ਤੋਂ ਵੱਡੇ ਹਵਾਈ ਹਮਲੇ ਤੋਂ ਬਾਅਦ ਆਇਆ ਹੈ। ਯੂਕਰੇਨੀ ਹਵਾਈ ਸੈਨਾ ਅਨੁਸਾਰ, ਰੂਸ ਨੇ ਸ਼ਨੀਵਾਰ ਰਾਤ ਨੂੰ ਕੀਵ 'ਤੇ 9 ਬੈਲਿਸਟਿਕ ਮਿਜ਼ਾਈਲਾਂ, 60 ਕਰੂਜ਼ ਮਿਜ਼ਾਈਲਾਂ ਅਤੇ 298 ਡਰੋਨਾਂ ਨਾਲ ਹਮਲਾ ਕੀਤਾ।

## ਕੈਨੇਡਾ ਅਧਾਰਤ ਸਮਗਲਰ ਦੇ ਤਿੰਨ ਕਾਰਕੁਨ 2.5 ਕਿਲੋ ਹੈਰੋਇਨ ਤੇ 42 ਲੱਖ ਰੁਪਏ ਡਰੱਗ ਮਨੀ ਸਮੇਤ ਗ੍ਰਿਫ਼ਤਾਰ

**ਚੰਡੀਗੜ੍ਹ/ਅੰਮ੍ਰਿਤਸਰ।** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸ਼ੁਰੂ ਕੀਤੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੌਰਾਨ ਪੰਜਾਬ ਪੁਲਿਸ ਦੇ ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਕੈਨੇਡਾ-ਅਧਾਰਤ ਨਸ਼ਾ ਤਸਕਰ ਸੋਨੂੰ ਦੁਆਰਾ ਚਲਾਏ ਜਾ ਰਹੇ ਅੰਤਰਰਾਸ਼ਟਰੀ ਨਾਰਕੋ-ਤਸਕਰੀ ਮਾਡਿਊਲ ਦਾ ਪਰਦਾਫਾਸ਼ ਕਰਦਿਆਂ ਇਸਦੇ ਭਾਰਤ-ਅਧਾਰਤ 3 ਕਾਰਕੁਨਾਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 2.5 ਕਿਲੋ ਹੈਰੋਇਨ ਅਤੇ 42 ਲੱਖ ਰੁਪਏ ਡਰੱਗ ਮਨੀ ਬਰਾਮਦ ਕੀਤੀ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਤਰਨ-ਤਾਰਨ ਦੇ ਸਰਾਏ ਅਮਾਨਤ ਖਾਨ ਦੇ ਵਸਨੀਕ ਅਜੈਪਾਲ ਸਿੰਘ ਉਰਫ਼ ਅਜੈ; ਅੰਮ੍ਰਿਤਸਰ ਦੇ ਭਗਤਾਂਵਾਲਾ ਦੇ ਵਸਨੀਕ ਹਰਦੀਪ ਸਿੰਘ ਅਤੇ ਤਰਨਤਾਰਨ ਦੇ ਅਲੀਪੁਰ ਦੇ ਵਸਨੀਕ ਮਿਲਾਪ ਸਿੰਘ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਤਸਕਰੀ ਦੇ ਕੰਮਾਂ ਵਿੱਚ ਵਰਤੇ ਜਾ ਰਹੇ ਉਨ੍ਹਾਂ ਦੇ ਕਾਲੇ ਰੰਗ ਦੇ ਹੀਰੋ ਸਪਲੈਂਡਰ ਮੋਟਰਸਾਈਕਲ (ਪੀਬੀ02ਸੀਵਾਈ6917) ਅਤੇ ਚਿੱਟੇ ਰੰਗ ਦੀ ਟੋਇਟਾ ਫਾਰਚੂਨਰ ਕਾਰ (ਐਚਆਰ 26ਡੀਵਾਈ5140) ਨੂੰ ਵੀ ਜ਼ਬਤ ਕੀਤਾ ਹੈ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਸੀਆਈ




ਅੰਮ੍ਰਿਤਸਰ ਦੀਆਂ ਪੁਲਿਸ ਟੀਮਾਂ ਨੂੰ ਕੈਨੇਡਾ-ਅਧਾਰਤ ਵਿਅਕਤੀ ਸੋਨੂੰ ਦੇ ਆਪਣੇ ਪੰਜਾਬ-ਅਧਾਰਤ ਸਾਥੀਆਂ ਦੀ ਮਦਦ ਨਾਲ ਨਸ਼ਾ ਤਸਕਰੀ ਰੈਕੇਟ ਚਲਾਉਣ ਸਬੰਧੀ ਭਰੋਸੇਯੋਗ ਜਾਣਕਾਰੀ ਮਿਲੀ ਸੀ। ਮਿਲੀ ਜਾਣਕਾਰੀ ਤੋਂ ਪਤਾ ਲੱਗਾ ਕਿ ਉਸਦੇ ਦੋ ਸਾਥੀਆਂ ਅਜੈਪਾਲ ਸਿੰਘ ਅਤੇ ਹਰਦੀਪ ਸਿੰਘ ਨੇ ਹਾਲ ਹੀ ਵਿੱਚ ਹੈਰੋਇਨ ਦੀ ਖੇਪ ਬਰਾਮਦ ਕੀਤੀ ਹੈ ਅਤੇ ਹੈਰੋਇਨ ਦੀ ਖੇਪ ਪਹੁੰਚਾਉਣ ਲਈ ਉਹ ਲਿੰਕ ਰੋਡ ਤੋਂ ਆਪਣੇ ਮੋਟਰਸਾਈਕਲ 'ਤੇ ਅੱਡਾ ਖਾਸਾ ਤੋਂ ਖੁਰਮਣੀਆਂ ਆ ਰਹੇ ਹਨ। ਇਸ ਸੂਚਨਾ 'ਤੇ ਤੇਜ਼ੀ ਨਾਲ ਕਾਰਵਾਈ ਕਰਦਿਆਂ ਸੀਆਈ ਅੰਮ੍ਰਿਤਸਰ ਦੀਆਂ ਪੁਲਿਸ ਟੀਮਾਂ ਨੇ ਛਾਪਾ ਮਾਰਿਆ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 2.5 ਕਿਲੋ ਹੈਰੋਇਨ ਬਰਾਮਦ ਕਰਨ ਉਪਰੰਤ ਦੋਵਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ। ਡੀਜੀਪੀ ਨੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵੱਲੋਂ ਡਰੱਗ ਮਨੀ ਆਪਣੇ ਇੱਕ ਹੋਰ ਸਾਥੀ ਮਿਲਾਪ ਸਿੰਘ ਨੂੰ ਸੌਂਪਣ ਦੇ ਖੁਲਾਸੇ 'ਤੇ, ਸੀਆਈ ਅੰਮ੍ਰਿਤਸਰ ਦੀ ਟੀਮ ਨੇ ਉਸਨੂੰ ਅੰਮ੍ਰਿਤਸਰ-ਬਠਿੰਡਾ ਹਾਈਵੇਅ ਤੋਂ ਪਿੰਡ ਅਲੀਪੁਰ ਨੇੜੇ ਗ੍ਰਿਫ਼ਤਾਰ ਕੀਤਾ ਅਤੇ ਉਸ ਤੋਂ 42 ਲੱਖ ਰੁਪਏ ਦੀ ਡਰੱਗ ਮਨੀ ਅਤੇ ਕਰੰਸੀ ਗਿਣਨ ਵਾਲੀ ਮਸ਼ੀਨ ਵੀ ਬਰਾਮਦ ਕਰਨ ਤੋਂ ਇਲਾਵਾ ਉਸਦੀ ਟੋਇਟਾ ਫਾਰਚੂਨਰ ਕਾਰ ਵੀ ਜ਼ਬਤ ਕਰ ਲਈ।
ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਸ਼ੀ ਸੰਗਠਿਤ ਨੈੱਟਵਰਕ ਦਾ ਹਿੱਸਾ ਸਨ ਜੋ ਆਪਣੇ ਹੈਂਡਲਰ ਤੋਂ ਹੈਰੋਇਨ ਦੀ ਖੇਪ ਪ੍ਰਾਪਤ ਕਰਕੇ ਸਥਾਨਕ ਪਾਰਟੀਆਂ ਨੂੰ ਸਪਲਾਈ ਕਰਦੇ ਸਨ ਅਤੇ ਇਸ ਦਾ ਭੁਗਤਾਨ ਹਵਾਲਾ ਚੈਨਲਾਂ ਰਾਹੀਂ ਕੀਤਾ ਜਾਂਦਾ ਸੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਹੋਰ ਜਾਂਚ ਜਾਰੀ ਹੈ ਅਤੇ ਆਗਾਮੀ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਹੋਣ ਦੀ ਉਮੀਦ ਹੈ।
ਇਸ ਸਬੰਧੀ ਅੰਮ੍ਰਿਤਸਰ ਥਾਣਾ ਐਸਐਸਓਸੀ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21, 25, 27-ਏ, ਅਤੇ 29 ਤਹਿਤ ਐਫਆਈਆਰ ਨੰਬਰ 31 ਮਿਤੀ 26.05.2025 ਦਰਜ ਕੀਤੀ ਗਈ ਹੈ।

## ਕੁਵੈਤ ਨੇ 37 ਹਜ਼ਾਰ ਲੋਕਾਂ ਦੀ ਨਾਗਰਿਕਤਾ ਕੀਤੀ ਰੱਦ



**ਕੁਵੈਤਸਿਟੀ।** ਕੁਵੈਤ ਸਰਕਾਰ ਨੇ 26,000 ਔਰਤਾਂ ਸਮੇਤ 37,000 ਤੋਂ ਵੱਧ ਲੋਕਾਂ ਦੀ ਨਾਗਰਿਕਤਾ ਰੱਦ ਕਰ ਦਿੱਤੀ ਹੈ। ਇਸ ਕਦਮ ਨੂੰ ਅਮੀਰ ਸ਼ੇਖ ਮਸ਼ਾਲ ਅਲ-ਅਹਿਮਦ ਅਲ-ਸਬਾਹ ਦੇ ਸੁਧਾਰਵਾਦੀ ਏਜੰਡੇ ਦਾ ਹਿੱਸਾ ਦੱਸਿਆ ਜਾ ਰਿਹਾ ਹੈ, ਜਿਸਦਾ ਉਦੇਸ਼ ਸਿਰਫ ਉਨ੍ਹਾਂ ਲੋਕਾਂ ਨੂੰ ਨਾਗਰਿਕਤਾ ਦੇਣਾ ਹੈ ਜਿਨ੍ਹਾਂ ਦੇ ਕੁਵੈਤ ਨਾਲ ਖ਼ੂਨ ਦੇ ਰਿਸ਼ਤੇ ਹਨ। ਵਿਆਹ ਰਾਹੀਂ ਨਾਗਰਿਕਤਾ ਪ੍ਰਾਪਤ ਕਰਨ ਵਾਲੀਆਂ ਔਰਤਾਂ ਨੂੰ ਵਿਸ਼ੇਸ਼ ਤੌਰ 'ਤੇ ਨਿਸ਼ਾਨਾ ਬਣਾਇਆ ਗਿਆ ਹੈ। 1987 ਤੋਂ ਬਾਅਦ ਹਜ਼ਾਰਾਂ ਅਜਿਹੀਆਂ ਔਰਤਾਂ ਨੂੰ ਨਾਗਰਿਕਤਾ ਦਿੱਤੀ ਗਈ ਸੀ, ਜਿਸਨੂੰ ਹੁਣ ਰੱਦ ਕੀਤਾ ਜਾ ਰਿਹਾ ਹੈ।ਨਾਗਰਿਕਤਾ ਰੱਦ ਕਰਨ ਤੋਂ ਪ੍ਰਭਾਵਿਤ ਲੋਕਾਂ ਨੂੰ ਹੁਣ ਕਾਨੂੰਨੀ ਅਨਿਸ਼ਚਿਤਤਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬੈਂਕ ਖਾਤੇ ਫ੍ਰੀਜ਼ ਕੀਤੇ ਜਾ ਰਹੇ ਹਨ, ਪੈਨਸ਼ਨਾਂ ਰੋਕੀਆਂ ਜਾ ਰਹੀਆਂ ਹਨ ਅਤੇ ਪਛਾਣ ਗੁਆਉਣ ਦਾ ਦਰਦ ਮਹਿਸੂਸ ਕੀਤਾ ਜਾ ਰਿਹਾ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ
ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਜੰਡਿਆਲਾ ਗੁਰੂ ਕੌਂਸਲਰ ਕਤਲ ਕਾਂਡ : ਪੁਲਿਸ ਨੇ 8 ਘੰਟਿਆਂ ਅੰਦਰ ਸੁਲਝਾਇਆ ਮਾਮਲਾ, ਕਤਲ 'ਚ ਸ਼ਾਮਲ ਦੋਸ਼ੀ ਦਾ ਕੀਤਾ ਐਨਕਾਊਂਟਰ

## ਜੰਡਿਆਲਾ ਗੁਰੂ ਕੌਂਸਲਰ ਦੇ ਕਤਲ ਪਿੱਛੇ ਵਿਦੇਸ਼ ਅਧਾਰਿਤ ਕਿਸ਼ਨ ਗੈਂਗ ਦਾ ਹੱਥ; ਗਲਾਕ ਪਿਸਤੌਲ ਸਮੇਤ ਚਾਰ ਕਾਬੂ: ਡੀਜੀਪੀ ਗੌਰਵ ਯਾਦਵ

**ਜੰਡਿਆਲਾ ਗੁਰੂ।** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਇੱਕ ਵੱਡੀ ਸਫਲਤਾ ਵਿੱਚ, ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਜੰਡਿਆਲਾ ਗੁਰੂ ਦੇ ਕੌਂਸਲਰ ਹਰਜਿੰਦਰ ਸਿੰਘ ਉਰਫ਼ ਬਾਹਮਣ ਦੇ ਕਤਲ ਵਿੱਚ ਸ਼ਾਮਲ ਵਿਦੇਸ਼ ਅਧਾਰਤ ਕਿਸ਼ਨ ਗੈਂਗ ਦੇ ਚਾਰ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰਕੇ ਇਸ ਸੰਗਠਿਤ ਅਪਰਾਧ ਨੈੱਟਵਰਕ ਦਾ ਪਰਦਾਫਾਸ਼ ਕਰ ਦਿੱਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਜੋਬਨਜੀਤ ਸਿੰਘ ਉਰਫ ਜੋਬਨ (22) ਵਾਸੀ ਪਿੰਡ ਨੰਗਲ ਗੁਰੂ, ਅੰਮ੍ਰਿਤਸਰ; ਅਮਿਤ (19) ਵਾਸੀ ਘੋੜੇ ਸ਼ਾਹ, ਜੰਡਿਆਲਾ; ਗੁਰਪ੍ਰੀਤ ਸਿੰਘ ਉਰਫ ਡੌਨ (18) ਵਾਸੀ ਨਵਾਂਕੋਟ, ਅੰਮ੍ਰਿਤਸਰ ਅਤੇ ਗੁਰਪ੍ਰੀਤ ਸਿੰਘ ਉਰਫ ਗੋਪੀ (22) ਵਾਸੀ ਮੁਹੱਲਾ ਸ਼ੇਖੂਪੁਰਾ, ਜੰਡਿਆਲਾ ਗੁਰੂ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਇੱਕ 9 ਐਮ.ਐਮ. ਗਲਾਕ ਪਿਸਤੌਲ ਬਰਾਮਦ ਕਰਨ ਦੇ ਨਾਲ ਨਾਲ ਉਨ੍ਹਾਂ ਦੇ ਇੱਕ ਐਕਟਿਵਾ ਸਕੂਟਰ ਅਤੇ ਇੱਕ ਮੋਟਰਸਾਈਕਲ ਜੋ ਅਪਰਾਧ ਵਿੱਚ ਵਰਤੇ ਗਏ ਸਨ, ਨੂੰ ਵੀ ਜ਼ਬਤ ਕੀਤਾ ਹੈ।ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ 8 ਘੰਟਿਆਂ ਦੇ ਅੰਦਰ ਹੀ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਚਾਰ ਗੈਂਗ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਕੇ ਹਰਜਿੰਦਰ ਸਿੰਘ ਉਰਫ਼ ਬਾਹਮਣ (ਨਗਰ ਕੌਂਸਲਰ, ਜੰਡਿਆਲਾ ਗੁਰੂ) ਦੇ ਕਤਲ ਕੇਸ ਨੂੰ ਤੇਜ਼ੀ ਨਾਲ ਸੁਲਝਾ ਲਿਆ ਗਿਆ ਹੈ। ਇਸ ਆਪਰੇਸ਼ਨ ਨੂੰ ਅੰਤਰ-ਗੈਂਗ ਦੁਸ਼ਮਣੀ ਅਤੇ ਸੰਗਠਿਤ ਅਪਰਾਧ 'ਤੇ ਕੀਤੀ ਜਾ ਰਹੀ ਕਾਰਵਾਈ ਤਹਿਤ ਅਹਿਮ ਕਦਮ ਦੱਸਦਿਆਂ, ਡੀਜੀਪੀ ਨੇ ਕਿਹਾ ਕਿ ਹੋਰ ਮੈਂਬਰਾਂ ਦੀ ਪਛਾਣ ਕਰਨ ਅਤੇ ਗਿਰੋਹ ਦੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਜਾਂਚ ਜਾਰੀ ਹੈ। ਇਸ ਆਪ੍ਰੇਸ਼ਨ ਦੇ ਵੇਰਵੇ ਸਾਂਝੇ



ਕਰਦਿਆਂ, ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਤਕਨੀਕੀ ਅਤੇ ਖੁਫੀਆ ਸੂਹ 'ਤੇ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਤਰਨਤਾਰਨ ਦੇ ਪਿੰਡ ਧੂੰਦਾ ਤੋਂ ਜੋਬਨਜੀਤ, ਅੰਮ੍ਰਿਤਸਰ ਦੇ ਮਾਹਣਾ ਸਿੰਘ ਰੋਡ ਨਜਦੀਕੀ ਹੋਟਲ ਤੋਂ ਗੁਰਪ੍ਰੀਤ ਉਰਫ ਡੌਨ ਅਤੇ ਅਮਿਤ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਫਤਿਹਪੁਰ ਨਜਦੀਕ ਪੁਲਿਸ ਵੱਲੋਂ ਪਿੱਛਾ ਕਰਨ ਦੌਰਾਨ, ਦੋਸ਼ੀ ਗੁਰਪ੍ਰੀਤ ਸਿੰਘ ਉਰਫ਼ ਗੋਪੀ ਨੇ ਪੁਲਿਸ ਪਾਰਟੀ 'ਤੇ ਗੋਲੀਬਾਰੀ ਕਰ ਦਿੱਤੀ। ਉਨ੍ਹਾਂ ਦੱਸਿਆ ਕਿ ਸਵੈ-ਰੱਖਿਆ ਵਿੱਚ, ਐਸਐਚਓ ਛੇਹਰਟਾ ਨੇ ਆਪਣੇ ਸਰਵਿਸ ਹਥਿਆਰ ਨਾਲ ਜਵਾਬੀ ਕਾਰਵਾਈ ਕੀਤੀ, ਜਿਸ ਦੇ ਚਲਦਿਆਂ ਗੋਪੀ ਦੀ ਸੱਜੀ ਲੱਤ ਵਿੱਚ ਗੋਲੀ ਲੱਗ ਗਈ। ਉਨ੍ਹਾਂ ਅੱਗੇ ਦੱਸਿਆ ਕਿ ਦੋਸ਼ੀ ਨੂੰ ਤੁਰੰਤ ਡਾਕਟਰੀ ਦੇਖਭਾਲ ਲਈ ਸਿਵਲ ਹਸਪਤਾਲ, ਅੰਮ੍ਰਿਤਸਰ ਭੇਜ ਦਿੱਤਾ ਗਿਆ ਅਤੇ ਇਸ ਵੇਲੇ ਉਹ ਜ਼ੇਰੇ ਇਲਾਜ ਹੈ।ਸੀਪੀ ਨੇ ਕਿਹਾ ਕਿ ਦੋਸ਼ੀ ਗੁਰਪ੍ਰੀਤ ਗੋਪੀ ਅਪਰਾਧਿਕ ਪਿਛੋਕੜ ਵਾਲਾ ਮੁਲਜ਼ਮ ਹੈ ਅਤੇ ਉਸ ਵਿਰੁੱਧ ਐਨਡੀਪੀਐਸ ਐਕਟ ਤਹਿਤ ਮਾਮਲੇ ਦਰਜ ਹਨ। ਉਨ੍ਹਾਂ ਅੱਗੇ ਕਿਹਾ ਕਿ ਹਾਲ ਹੀ ਵਿੱਚ, ਗੁਰਪ੍ਰੀਤ ਸਿੰਘ ਉਰਫ਼ ਗੋਪੀ ਦੀ ਮਾਂ ਅਤੇ ਭਾਬੀ ਤੋਂ ਵੀ ਡਰੱਗ ਮਾਮਲੇ ਵਿੱਚ ਪੁੱਛਗਿੱਛ ਕੀਤੀ ਗਈ ਸੀ।

ਇਸ ਸਬੰਧੀ ਐਫਆਈਆਰ ਨੰਬਰ 98 ਮਿਤੀ 25/05/2025 ਨੂੰ ਅੰਮ੍ਰਿਤਸਰ ਦੇ ਥਾਣਾ ਛੇਹਰਟਾ ਵਿਖੇ ਭਾਰਤੀ ਨਿਆ ਸੰਹਿਤਾ ਦੀ ਧਾਰਾ 103, 61(2), 351, 191(2), 191(3) ਅਤੇ 190 ਅਤੇ ਅਸਲਾ ਐਕਟ ਦੀ ਧਾਰਾ 25 ਤਹਿਤ ਪਹਿਲਾਂ ਹੀ ਦਰਜ ਕੀਤੀ ਜਾ ਚੁੱਕੀ ਹੈ।

## ਝਾਰਖੰਡ: ਮੁਕਾਬਲੇ 'ਚ ਸੀਪੀਆਈ ਮਾਓਵਾਦੀ ਦਾ ਪੰਜ ਲੱਖ ਦੇ ਇਨਾਮ ਵਾਲਾ ਮੈਂਬਰ ਹਲਾਕ



**ਲਾਤੇਹਾਰ।** ਝਾਰਖੰਡ ਦੇ ਲਾਤੇਹਾਰ ਜ਼ਿਲ੍ਹੇ ਵਿਚ ਸੋਮਵਾਰ ਨੂੰ ਸੁਰੱਖਿਆ ਬਲਾਂ ਨਾਲ ਮੁਕਾਬਲੇ ਵਿਚ ਪਾਬੰਦੀਸ਼ੁਦਾ ਭਾਰਤੀ ਕਮਿਊਨਿਸਟ ਪਾਰਟੀ ਮਾਓਵਾਦੀ (ਸੀਪੀਆਈ-ਐੱਮ) ਦਾ ਇਕ ਮੈਂਬਰ ਮਾਰਿਆ ਗਿਆ, ਜਿਸ ਦੇ ਸਿਰ 'ਤੇ ਪੰਜ ਲੱਖ ਰੁਪਏ ਦਾ ਇਨਾਮ ਸੀ। ਪੁਲੀਸ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਮੁਕਾਬਲੇ ਦੌਰਾਨ ਇਕ ਹੋਰ ਮਾਓਵਾਦੀ ਨੂੰ ਪੁਲੀਸ ਨੇ ਗ੍ਰਿਫਤਾਰ ਕਰ ਲਿਆ ਹੈ। ਅਧਿਕਾਰੀ ਨੇ ਕਿਹਾ ਕਿ ਸੁਰੱਖਿਆ ਬਲਾਂ ਤੇ ਮਾਓਵਾਦੀਆਂ ਦਰਮਿਆਨ ਐਤਵਾਰ ਰਾਤ ਮਹੂਆਡਾਂਡ ਥਾਣਾ ਖੇਤਰ ਵਿਚ ਦੌਨਾ ਦੇ ਜੰਗਲ ਵਿਚ ਮੁਕਾਬਲਾ ਹੋਇਆ। ਪਲਾਮੂ ਦੇ ਡੀਆਈਜੀ ਵਾਈ.ਐੱਸ. ਰਮੇਸ਼ ਨੇ ਇਸ ਖ਼ਬਜ ਏਜੰਸੀ ਨੂੰ ਦੱਸਿਆ, ''ਮਨੀਸ਼ ਯਾਦਵ ਸੁਰੱਖਿਆ ਬਲਾਂ ਨਾਲ ਮੁਕਾਬਲੇ ਵਿੱਚ ਮਾਰਿਆ ਗਿਆ। ਉਸ 'ਤੇ 5 ਲੱਖ ਰੁਪਏ ਦਾ ਇਨਾਮ ਐਲਾਨਿਆ ਗਿਆ ਸੀ। ਇੱਕ ਹੋਰ ਮਾਓਵਾਦੀ ਕੁੰਦਨ ਖੇਰਵਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਕੁੰਦਨ ਦੇ ਸਿਰ 'ਤੇ 10 ਲੱਖ ਰੁਪਏ ਦਾ ਇਨਾਮ ਐਲਾਨਿਆ ਗਿਆ ਸੀ। ਹਾਲਾਂਕਿ, ਰਮੇਸ਼ ਨੇ ਕਿਹਾ ਕਿ ਕੁੰਦਨ 'ਤੇ ਇਨਾਮ ਦੀ ਅਜੇ ਪੁਸ਼ਟੀ ਨਹੀਂ ਹੋਈ ਹੈ। ਦੋ ਦਿਨ ਪਹਿਲਾਂ, ਝਾਰਖੰਡ ਦੇ ਲਾਤੇਹ-ਾਰ ਜ਼ਿਲ੍ਹੇ ਵਿੱਚ ਸੁਰੱਖਿਆ ਬਲਾਂ ਨਾਲ ਮੁਕਾਬਲੇ ਵਿੱਚ ਝਾਰਖੰਡ ਜਨ ਮੁਕਤੀ ਪ੍ਰੀਸ਼ਦ (ਜੇਜੇਐਮਪੀ) ਦੇ ਚੋਟੀ ਦੇ ਨੇਤਾ ਪੱਪੂ ਲੋਹਾਰਾ ਸਮੇਤ ਦੋ ਨਕਸਲੀ ਮਾਰੇ ਗਏ ਸਨ। ਪੱਪੂ 'ਤੇ 10 ਲੱਖ ਰੁਪਏ ਦਾ ਇਨਾਮ ਐਲਾਨਿਆ ਗਿਆ ਸੀ।''

SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਥਿੰਦ ਡੈਂਟਲ ਹਸਪਤਾਲ ਵੱਲੋਂ ਓਰੀਐਂਟ ਸਕੂਲ ਵਿਖੇ ਮੁਫ਼ਤ ਦੰਦਾਂ ਦੀ ਜਾਂਚ ਕੈਂਪ ਦਾ ਆਯੋਜਨ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ. )** ਥਿੰਦ ਡੈਂਟਲ ਹਸਪਤਾਲ ਦੇ ਸਹਿਯੋਗ ਨਾਲ ਡਾ: ਸਲੋਨੀ ਅਤੇ ਉਨ੍ਹਾਂ ਦੀ ਮਾਹਿਰ ਟੀਮ ਦੀ ਨਿਗਰਾਨੀ ਹੇਠ ਇੱਕ ਮੁਫ਼ਤ ਦੰਦਾਂ ਦੀ ਜਾਂਚ ਕੈਂਪ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ, ਜਿਸ ਨਾਲ ਸਥਾਨਕ ਭਾਈਚਾਰੇ ਵਿੱਚ ਬਹੁਤ ਜ਼ਰੂਰੀ ਮੂੰਹ ਦੀ ਸਿਹਤ ਜਾਗਰੂਕਤਾ ਅਤੇ ਦੇਖਭਾਲ ਆਈ।
ਕੈਂਪ ਦਾ ਪ੍ਰਬੰਧਨ ਸ਼੍ਰੀ ਵਿਨੋਦ ਸਚਦੇਵਾ ਦੁਆਰਾ ਕੀਤਾ ਗਿਆ ਸੀ, ਜਿਨ੍ਹਾਂ ਦੇ ਯਤਨਾਂ ਨੇ ਇਸ ਪ੍ਰੋਗਰਾਮ ਨੂੰ ਸੁਚਾਰੂ ਢੰਗ ਨਾਲ ਆਯੋਜਿਤ ਅਤੇ ਲਾਗੂ ਕੀਤਾ।

ਦੰਦਾਂ ਦੇ ਪੇਸ਼ੇਵਰਾਂ ਦੀ ਇੱਕ ਸਮਰਪਿਤ ਟੀਮ ਨੇ ਪੂਰੀ ਤਰ੍ਹਾਂ ਜਾਂਚ ਕੀਤੀ, ਹਾਜ਼ਰੀਨ ਨੂੰ ਦੰਦਾਂ ਦੀ ਸਫਾਈ ਦੇ ਅਭਿਆਸਾਂ ਬਾਰੇ ਜਾਗਰੂਕ ਕੀਤਾ, ਅਤੇ ਵਿਦਿਆਰਥੀਆਂ ਅਤੇ ਮਾਪਿਆਂ ਦੋਵਾਂ ਨੂੰ ਸਲਾਹ-ਮਸ਼ਵਰਾ ਪ੍ਰਦਾਨ ਕੀਤਾ। ਇਸ ਪਹਿਲਕਦਮੀ ਦਾ



ਸਮਰਥਨ ਪ੍ਰਿੰਸੀਪਲ ਲਕਸ਼ਮੀ ਠਾਕੁਰ ਚੌਹਾਨ ਦੁਆਰਾ ਕੀਤਾ ਗਿਆ ਸੀ, ਜਿਨ੍ਹਾਂ ਦੀ ਅਗਵਾਈ ਨੇ ਸਕੂਲ ਦੇ ਅਹਾਤੇ ਦੇ ਅੰਦਰ ਸਮਾਗਮ ਨੂੰ ਸੁਚਾਰੂ ਬਣਾਉਣ ਵਿੱਚ ਮੁੱਖ ਭੂਮਿਕਾ ਨਿਭਾਈ । ਸਕੂਲ ਦੇ ਚੇਅਰਮੈਨ ਸ਼੍ਰੀ ਵਿਕਰਮ ਸ਼ਰਮਾ, ਮੈਨੇਜਿੰਗ ਡਾਇਰੈਕਟਰ ਸ਼੍ਰੀਮਤੀ ਸ਼ਾਰਦਾ ਸ਼ਰਮਾ ਅਤੇ ਸ਼੍ਰੀ ਸ਼ੁਭਮ ਸ਼ਰਮਾ ਅਤੇ ਪ੍ਰਬੰਧਨ ਮੈਂਬਰ ਡਾ: ਸ਼ਰੂਤੀ ਸ਼ਰਮਾ ਨੇ ਵੀ ਇਸ ਮੌਕੇ 'ਤੇ ਸ਼ਿਰਕਤ ਕੀਤੀ ਅਤੇ ਕੈਂਪ ਨੂੰ ਸਫਲ ਬਣਾਉਣ ਵਾਲੇ ਸਹਿਯੋਗੀ ਯਤਨਾਂ ਦੀ ਸ਼ਲਾਘਾ ਕੀਤੀ। ਇਹ ਪਹਿਲਕਦਮੀ ਵਿਦਿਆਰਥੀ ਭਲਾਈ ਅਤੇ ਭਾਈਚਾਰਕ ਸੇਵਾ ਪ੍ਰਤੀ ਸੰਸਥਾ ਦੀ ਵਚਨਬੱਧਤਾ ਦਾ ਪ੍ਰਮਾਣ ਹੈ। ਮੈਨੇਜਮੈਂਟ ਨੇ ਥਿੰਦ ਡੈਂਟਲ ਹਸਪਤਾਲ ਦਾ ਉਨ੍ਹਾਂ ਦੇ ਸਮਰਪਣ ਅਤੇ ਪ੍ਰਭਾਵਸ਼ਾਲੀ ਸੇਵਾਵਾਂ ਲਈ ਦਿਲੋਂ ਧੰਨਵਾਦ ਕੀਤਾ। ਅਜਿਹੇ ਪ੍ਰੋਗਰਾਮ ਨਾ ਸਿਰਫ਼ ਜ਼ਰੂਰੀ ਸਿਹਤ ਸੰਭਾਲ ਸਹਾਇਤਾ ਪ੍ਰਦਾਨ ਕਰਦੇ ਹਨ ਬਲਕਿ ਵਿਦਿਆਰਥੀਆਂ ਨੂੰ ਜੀਵਨ ਭਰ ਸਿਹਤਮੰਦ ਆਦਤਾਂ ਵਿਕਸਤ ਕਰਨ ਲਈ ਵੀ ਉਤਸ਼ਾਹਿਤ ਕਰਦੇ ਹਨ ।

# ਇਪਟਾ ਕਪੂਰਥਲਾ ਦੁਆਰਾ 82ਵੀਂ ਵਰ੍ਹੇਗੰਢ ਮਨਾਈ ਗਈ

## ਬੁਲਾਰਿਆਂ ਨੇ ਦਿੱਤਾ ''ਜੰਗ ਨਹੀਂ ਅਮਨ'' ਦਾ ਸੁਨੇਹਾ

**ਕਪੂਰਥਲਾ, (ਕੌੜਾ)–** ਇਪਟਾ ਕਪੂਰਥਲਾ ਵਲੋਂ ਲੋਕ ਕਲਾ ਮੰਚ ਦੇ ਸਹਿਯੋਗ ਨਾਲ ਇੰਡੀਅਨ ਪੀਪਲਜ਼ ਥਿਏਟਰ ਐਸੋਸੀਏਸ਼ਨ (ਇਪਟਾ) ਦੀ 82ਵੀਂ ਵਰ੍ਹੇਗੰਢ ਰੂਪੋਵਾਲੀ ਰੰਗਮੰਚ ਭਵਨ, ਨਾਨਕਸਰ ਨਗਰ, ਆਰ.ਸੀ.ਐਫ. ਕਪੂਰਥਲਾ ਵਿਖੇ ਉਤਸ਼ਾਹ ਨਾਲ ਮਨਾਈ ਗਈ। ਸਮਾਗਮ ਦੌਰਾਨ ਵਿਸ਼ੇਸ਼ ਮਹਿਮਾਨਾਂ ਵਜੋਂ ਸਤਨਾਮ ਮੂਧਲ ਸੰਪਾਦਕ ਰੰਗਕਰਮੀ ਮੈਗਜ਼ੀਨ, ਫਿਲਮ ਅਦਾਕਾਰਾ ਮੈਡਮ ਇੰਦਰਜੀਤ ਲੋਟੇ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਇਸ ਤੋਂ ਪਹਿਲਾਂ ਝੰਡਾ ਲਹਿਰਾਉਣ ਦੀ ਰਸਮ ਇੰਦਰਜੀਤ ਰੂਪੋਵਾਲੀ ਨੈਸ਼ਨਲ ਸਹਾਇਕ ਸਕੱਤਰ ਅਤੇ ਜਰਨਲ ਸਕੱਤਰ ਇਪਟਾ ਪੰਜਾਬ ਵਲੋਂ ਨਿਭਾਈ ਗਈ ਅਤੇ ਇਪਟਾ ਦੇ ਇਤਹਾਸ ਬਾਰੇ ਅਤੇ ਪੂਰੇ ਹਿੰਦੁਸਤਾਨ ਵਿੱਚ ਚੱਲ ਰਹੀਆਂ ਲੋਕ ਪੱਖੀ ਗਤੀਵਿਧੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਤੋ ਇਲਾਵਾ ਬੁਲਾਰਿਆਂ ਨੇ ਭਾਰਤ-ਪਾਕ ਦਰਮਿਆਨ ਬਣੇ ਤਨਾਅਪੂਰਣ ਹਾਲਾਤਾਂ ਨੂੰ ਦੇਖਦੇ ਹੋਏ 'ਜੰਗ ਨਹੀਂ ਅਮਨ' ਦੀ ਗੱਲ ਕਰਦਿਆਂ ਸ਼ਾਂਤੀ ਦਾ ਸੁਨੇਹਾ ਦਿੱਤਾ। ਸਮਾਗਮ ਦੌਰਾਨ ਰਣਜੀਤ ਸਪਨਾ ਰੰਗਕਰਮੀ ਤੇ ਲੋਕ ਗਾਇਕ ਨੂੰ ਰੇਲ ਕੋਚ ਫੈਕਟਰੀ ਕਪੂਰਥਲਾਂ ਤੋਂ ਸੇਵਾ ਮੁਕਤੀ ਮੌਕੇ ਵਿਸ਼ੇਸ਼ ਸਨਮਾਨ ਨਾਲ ਨਵਾਜਿਆ ਗਿਆ। ਇਪਟਾ ਜਲੰਧਰ ਵਲੋਂ ਸ਼੍ਰੀ ਨੀਰਜ ਕੌਸ਼ਿਕ ਦੀ ਨਿਰਦੇਸ਼ਨਾ ਹੇਠ ਨਾਟਕ 'ਜੰਜ਼ੀਰੇਂ'



ਦੀ ਪ੍ਰਭਾਵਸ਼ਾਲੀ ਪੇਸ਼ਕਾਰੀ ਜੋ ਪ੍ਰੋਗਰਾਮ ਦਾ ਸਿੱਖਰ ਹੋ ਨਿੱਬੜੀ। ਜਿਸਦੇ ਲੇਖਕ ਅਤੇ ਨਿਰਦੇਸ਼ਕ ਨੀਰਜ਼ ਕੌਸ਼ਿਕ ਸਨ। ਮੁੱਖ ਕਿਰਦਾਰ ਐਸ.ਪੀ. ਸਿੰਘ, ਭਰਤ ਵਿਰਦੀ, ਸਾਹਿਲ ਵਲੋਂ ਨਿਭਾਏ ਗਏ। । ਇਸ ਤੋਂ ਇਲਾਵਾ ਲੋਕ ਸੰਗੀਤ ਅਤੇ ਕੋਰੀਓਗਰਾਫੀਜ ਬੇਬੀ ਅਨਹਦ ਪਰੀਤ ਵਲੋਂ ਖੂਬਸੂਰਤ ਪੇਸ਼ਕਾਰੀਆਂ ਦਿੱਤੀਆਂ ਗਈਆਂ। ਸਟੇਜ ਦੀ ਭੂਮਿਕਾ ਦੀਪਕ ਨਾਹਰ ਨੇ ਬਾਖੂਬੀ ਨਿਭਾਈ। ਸਮਾਗਮ ਦਾ ਪ੍ਰਬੰਧ ਸਰਬਜੀਤ ਰੂਪੋਵਾਲੀ, ਸ਼ਰਨਜੀਤ ਸੋਹਲ,ਮੁਕੰਦ ਸਿੰਘ ਆਂਚਲ,ਲੋਕ ਸਹਿਤ ਕਲਾ ਕੇਂਦਰ ਦੇ ਪ੍ਰਧਾਨ ਅਨਿਲ ਕੁਮਾਰ ਤੇ ਜਨਰਲ ਸਕੱਤਰ ਜਸਵੰਤ ਸਿੰਘ ਮਜਬੂਰ ਨੇ ਕੀਤਾ। ਅੰਤ ਵਿੱਚ ਇਪਟਾ ਕਪੂਰਥਲਾ ਦੇ ਪ੍ਰਧਾਨ ਡਾ. ਹਰਭਜਨ ਸਿੰਘ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।

# ਚੰਦੜ ਗੋਤਰ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ 2 ਜੂਨ ਮਨਾਇਆ ਜਾਵੇਗਾ



**ਫਿਲੌਰ/ਅੱਪਰਾ (ਦੀਪਾ)**-ਧੰਨ ਧੰਨ ਬਾਬਾ ਕੰਨੀਆ ਜੀ, ਧੰਨ ਧੰਨ ਬਾਬਾ ਮੱਲੂ ਰਾਮ ਜੀ ਅਤੇ ਮਾਤਾ ਸਤੀ ਜੀ ਚੰਦੜ੍ਹ ਗੋਤ ਜਠੇਰਿਆਂ ਦੀ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਚੰਦੜ ਗੋਤ ਜਠੇਰਿਆਂ ਸਾਲਾਨਾ ਜੋੜ ਮੇਲਾ 2 ਜੂਨ ਦਿਨ ਸੋਮਵਾਰ ਨੂੰ ਸਮੂਹ ਚੰਦੜ੍ਹ ਜਠੇਰਿਆਂ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਪਿੰਡ ਪੱਦੀ ਜਗੀਰ ਵਿਖੇ ਬੜੀ ਸ਼ਰਧਾ ਪੂਰਵਕ ਨਾਲ ਮਨਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੁਖਵਿੰਦਰ ਰਾਮ ਨੇ ਦੱਸਿਆ ਕਿ ਸਵੇਰੇ 10 ਵਜੇ ਨਿਸ਼ਾਨ ਸਾਹਿਬ ਚੜਾਉਣ ਦੀ ਰਸਮ ਅਦਾ ਕੀਤੀ ਜਾਵੇਗੀ, ਉਪਰੰਤ ਸਟੇਜ ਦੀ ਕਾਰਵਾਈ ਸ਼ੁਰੂ ਕੀਤੀ ਗਈ, ਜਿਸ ਪੰਜਾਬ ਦੇ ਨਾਮਵਾਰਕਾਂ ਕਲਾਕਾਰਾਂ ਵੱਲੋਂ ਜਠੇਰਿਆਂ ਦੀ ਮਹਿਮਾਂ ਦਾ ਗੁਣਗਾਨ ਕਰਨਗੇ। ਮੇਲੇ ਦੁਰਾਨ ਸਵੇਰ ਤੋਂ ਚਾਹ ਅਤੇ ਬਾਅਦ ਦੁਪਿਹਰ ਗੁਰੂ ਕਾ ਲੰਗਰ ਵਰਤਾਇਆ ਜਾਵੇਗਾ।

# ਭੈਣੀ ਸਾਹਿਬ ਸਾਹਿਤ ਸਭਾ ਦੀ ਮਹੀਨਾਵਾਰ ਮੀਟਿੰਗ ਨੇ ਧਾਰਿਆ ਸਮਾਗਮ ਦਾ ਰੂਪ

## ਨੇਤਰ ਸਿੰਘ ਮੁੱਤੋਂ ਦੀ ਕਿਤਾਬ ( ਚਾਨਣ ਬਨਾਮ ਹਨ੍ਹੇਰਾ ) ਬਾਰੇ ਵਿਚਾਰ ਚਰਚਾ ਹੋਈ

**ਮਾਛੀਵਾੜਾ ਸਾਹਿਬ/ਬਲਬੀਰ ਸਿੰਘ ਬੱਬੀ**

ਪੰਜਾਬੀ ਮਾਂ ਬੋਲੀ ਦੀ ਸੇਵਾ ਵਿੱਚ ਅਨੇਕਾਂ ਸੰਸਥਾਵਾਂ ਸ਼ਖਸ਼ੀਅਤਾਂ ਸਾਹਿਤ ਸਭਾਵਾਂ ਹੋਰ ਅਦਾਰੇ ਕੰਮ ਕਰ ਰਹੇ ਹਨ। ਇਨਾਂ ਵਿੱਚੋਂ ਹੀ ਪੰਜਾਬੀ ਸਾਹਿਤ ਸਭਾ ਸ਼੍ਰੀ ਭੈਣੀ ਸਾਹਿਬ ਵੀ ਇੱਕ ਹੈ। ਇਸ ਸਭਾ ਦੀ ਮਹੀਨਾਵਾਰ ਮੀਟਿੰਗ ਨਿਊ ਹਾਲ ਲਾਟੋ ਰੋਡ ਵਿਖੇ ਮਿਤੀ 25 - 5 - 25 ਦਿਨ ਐਤਵਾਰ ਨੂੰ ਗੁਰਸੇਵਕ ਸਿੰਘ ਢਿੱਲੋ ਦੀ ਪ੍ਰਾਧਨਗੀ ਹੇਠ ਹੋਈ । ਸਮੂਹ ਸਾਹਿਤ ਸਭਾਵਾਂ ਅਤੇ ਸਾਹਿਤਕਾਰ ਸਾਥੀਆਂ ਦੇ ਸਾਥ ਨਾਲ ਇਹ ਮੀਟਿੰਗ ਸਮਾਗਮ ਦਾ ਰੂਪ ਧਾਰਨ ਕਰ ਗਈ । ਸ਼ੁਰੂਆਤੀ ਦੌਰ ਵਿੱਚ ਉੱਘੇ ਵਿਦਵਾਨ ਡਾ ਰਤਨ ਸਿੰਘ ਜੱਗੀ , ਸ਼ਾਇਰ ਤਜੁੱਮਲ ਕਲੀਮ ਦੇ ਜੀਵਨ ਬਾਰੇ ਗੁਰਸੇਵਕ ਸਿੰਘ ਢਿੱਲੋ ਨੇ ਸੰਖੇਪ ਜਾਣਕਾਰੀ ਸਾਂਝੀ ਕੀਤੀ ਅਤੇ ਸਭਾ ਵੱਲੋ ਇਹਨਾਂ ਦੇ ਅਕਾਲ ਚਲਾਣੇ ਤੇ ਸ਼ੋਕ ਮਤਾ ਪਾਇਆ ਗਿਆ।

ਲੇਖਕ ਨੇਤਰ ਸਿੰਘ ਮੁੱਤੋ ਦੀ ਕਿਤਾਬ ( ਚਾਨਣ ਬਨਾਮ ਹਨ੍ਹੇਰਾ ) ਮਿੰਨੀ ਕਹਾਣੀ ਸੰਗ੍ਰਹਿ ਬਾਰੇ ਵਿਚਾਰ ਚਰਚਾ ਹੋਈ । ਕਹਾਣੀਕਾਰ ਸੁਰਿੰਦਰ ਰਾਮਪੁਰੀ , ਮਾਸਟਰ ਜਗਦੇਵ ਸਿੰਘ ਘੁੰਗਰਾਲੀ , ਲੇਖਕ ਤੇ ਪੱਤਰਕਾਰ ਬਲਬੀਰ ਸਿੰਘ ਬੱਬੀ , ਲੇਖਕ ਹਰਨਾਮ ਸਿੰਘ ਡੱਲਾ , ਲੇਖਕ ਨੇਤਰ ਸਿੰਘ ਮੁੱਤੋ ਅਤੇ ਗੁਰਸੇਵਕ ਸਿੰਘ ਢਿੱਲੋਂ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ ਅਤੇ ਮਿੰਨ੍ਹੀ ਕਹਾਣੀ ਦੇ ਵਿਧੀ ਵਿਧਾਨ ਬਾਰੇ ਲੇਖਕਾਂ ਨਾਲ ਜਾਣਕਾਰੀ ਸਾਂਝੀ ਕੀਤੀ । ਲੇਖਿਕਾ ਰਜਿੰਦਰ ਕੌਰ ਪੰਨੂੰ , ਲੇਖਿਕਾ ਜਸਵੀਰ ਕੌਰ ਜੱਸੀ ਨੇ ਵੀ ਮਿੰਨ੍ਹੀ ਕਹਾਣੀ ਦੀ ਬਣਤਰ ਬਾਰੇ ਕੁਝ ਨੁਕਤੇ ਸਾਂਝੇ ਕੀਤੇ । ਗ਼ਜ਼ਲਗੋ ਜੋਰਾਵਰ ਸਿੰਘ ਪੰਛੀ ਦੁਆਰਾ ਲਿਖੇ ਤੇ



ਗਾਇਕਾ ਸੰਗੀਤਾ ਕਪੂਰ ਵੱਲੋਂ ਗਾਏ ਗੀਤ ( ਸਰਸਾ ਕੰਢੇ ਵਿਛੋੜਾ ) ਬਾਰੇ ਗੱਲਬਾਤ ਹੋਈ ਅਤੇ ਗੀਤ ਦਾ ਪੋਸਟਰ ਲੋਕ ਅਰਪਣ ਕੀਤਾ ਗਿਆ । ਇਸ ਤੋਂ ਇਲਾਵਾ ਬਾਰਵੀਂ ਜਮਾਤ ਵਿੱਚੋਂ ਚੰਗੇ ਨੰਬਰ ਲੈ ਕੇ ਪਾਸ ਹੋਈਆਂ 2 ਵਿਦਿਆਰਥਣਾ ਬੇਟੀ ਗੁਰਲੀਨ ਕੌਰ ਤੇ ਬੇਟੀ ਮਹਿਕਪ੍ਰੀਤ ਕੌਰ ਨੂੰ ਸਭਾ ਵੱਲੋਂ ਸਨਮਾਨਿਤ ਕੀਤਾ ਗਿਆ । ਸਮਾਗਮ ਵਿੱਚ ਸਰਪੰਚ ਬਹਾਦਰ ਸਿੰਘ ਸ਼੍ਰੀ ਭੈਣੀ ਸਾਹਿਬ ਅਤੇ ਸ ਪਰਮਜੀਤ ਸਿੰਘ ਪੰਚ ਨੇ ਵੀ ਸ਼ਿਰਕਤ ਕੀਤੀ ।

ਦੂਸਰੇ ਸ਼ੈਸ਼ਨ ਵਿੱਚ ਕਵੀ ਦਰਬਾਰ ਹੋਇਆ । ਜਿਸਦੀ ਪ੍ਰਧਾਨਗੀ ਕਵੀਸ਼ਰ ਪ੍ਰੀਤ ਸਿੰਘ ਸੰਦਲ ਮਕਸੂਦੜਾ , ਜੋਰਾਵਰ ਸਿੰਘ ਪੰਛੀ , ਸ ਜਗਮੋਹਨ ਸਿੰਘ ਟਮਕੌਡੀ , ਹਰਬੰਸ ਸਿੰਘ ਰਾਏ , ਜਸਵੀਰ ਕੌਰ ਜੱਸੀ ਨੇ ਕੀਤੀ । ਹਾਜ਼ਰ ਸਾਇਰਾਂ ਵਿੱਚ ਗੀਤਕਾਰ ਕਰਨੈਲ ਸਿੰਘ ਸਿਵੀਆ, ਪੱਪੂ ਬਲਵੀਰ , ਬਲਵੰਤ ਸਿੰਘ ਵਿਰਕ , ਅਵਤਾਰ ਸਿੰਘ ਓਟਾਲਾ , ਗੀਤ ਗੁਰਜੀਤ , ਮੀਤ ਪਾਣੀਪਤ , ਜੋਗਾ ਸਿੰਘ ਕਵੀਸ਼ਰ ਭੰਗੂਰ , ਸੁਖਵਿੰਦਰ ਸਿੰਘ ਭਾਦਲਾ , ਗਾਇਕ ਜਗਤਾਰ ਰਾਈਆ , ਦਲਬੀਰ ਸਿੰਘ ਕਲੇਰ , ਜਗਦੇਵ ਮਕਸੂਦੜਾ , ਹਰਬੰਸ ਸਿੰਘ ਸ਼ਾਨ ਬਗਲੀ , ਮਨਜੀਤ ਸਿੰਘ ਰਾਗੀ , ਸਵਿੰਦਰ ਸਿੰਘ ਲੁਧਿਆਣਾ , ਸ਼ਾਮ ਸਿੰਘ ਭੈਣੀ ਸਾਹਿਬ , ਪੰਮੀ ਹਬੀਬ , ਮਨਦੀਪ ਸਿੰਘ ਮਾਣਕੀ , ਦਰਸ਼ਨ ਸਿੰਘ ਭਾਗਪੁਰ , ਬਲਦੇਵ ਸਿੰਘ ਰੋਹਣੋ , ਗੁਰਬਾਗ ਸਿੰਘ ਰਾਈਆਂ , ਚੰਨਪ੍ਰੀਤ ਸਿੰਘ , ਆਦਿਕ ਨੇ ਰਚਨਾਵਾਂ ਦਾ ਪਾਠ ਕੀਤਾ । ਸਮਾਗਮ ਦੀ ਕਵਰੇਜ਼ ਪੱਤਰਕਾਰ ਬਲਬੀਰ ਸਿੰਘ ਬੱਬੀ ਅਤੇ ਲਖਵੀਰ ਸਿੰਘ ਲੱਭੇ ਨੇ ਕੀਤੀ । ਸਟੇਜ ਸੰਚਾਲਨ ਦੀ ਭੂਮਿਕਾ ਜਗਵੀਰ ਸਿੰਘ ਵਿੱਕੀ , ਤਰਨ ਸਿੰਘ ਬੱਲ ਨੇ ਬਹੁਤ ਹੀ ਭਾਵਪੂਰਕ ਅੰਦਾਜ਼ ਵਿੱਚ ਨਿਭਾਈ । ਹੋਰਨਾਂ ਤੋਂ ਇਲਾਵਾ ਸ਼੍ਰੀਮਤੀ ਰਣਜੀਤ ਕੌਰ , ਬਹਾਦਰ ਸਿੰਘ ਰਾਏ , ਗੁਨੀਤ ਸਿੰਘ , ਗੁਰਨੂਰ ਸਿੰਘ , ਬਲਦੇਵ ਸਿੰਘ ਨੇ ਵੀ ਸਮਾਗਮ ਵਿੱਚ ਹਾਜ਼ਰੀ ਭਰੀ । ਗੁਰਸੇਵਕ ਸਿੰਘ ਢਿੱਲੋਂ ਨੇ ਦੂਰੋ ਨੇੜਿਓ ਆਏ ਹੋਏ ਸਾਹਿਤਕਾਰਾਂ ਦਾ ਤਹਿ ਦਿਲੋ ਧੰਨਵਾਦ ਕੀਤਾ ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਭਾਰਤੀ ਭਾਸ਼ਾ ਸਮਰ ਕੈਂਪ ਲਗਾਇਆ ਗਿਆ





**ਸ੍ਰੀ ਮੁਕਤਸਰ ਸਾਹਿਬ (ਜਸਵਿੰਦਰ ਪਾਲ ਸ਼ਰਮਾ)** ਡਾਇਰੈਕਟਰ ਐਸਸੀਈਆਰਟੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਜਸਪਾਲ ਮੋਂਗਾ ਜੀ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹੇ ਦੇ ਤਮਾਮ ਸਰਕਾਰੀ ਸਕੂਲਾਂ ਵਿੱਚ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਰਾਜਿੰਦਰ ਕੁਮਾਰ ਸੋਨੀ ਜੀ ਦੀ ਯੋਗ ਅਗਵਾਈ ਹੇਠ ਭਾਰਤੀ ਭਾਸ਼ਾ ਸਿੱਖਣ ਸਬੰਧੀ ਸਮਰ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕਾਰਜ ਵਿੱਚ ਗੁਰਮੇਲ ਸਿੰਘ ਸਾਗੂ ਡੀ.ਆਰ.ਸੀ. (ਅੱਪਰ ਪ੍ਰਾਇਮਰੀ) ਨੇ ਬਲਾਕ ਪੱਧਰ 'ਤੇ ਮੀਟਿੰਗਾਂ ਕਰਕੇ ਸਮੂਹ ਸਕੂਲ ਮੁਖੀਆਂ ਨੂੰ ਇਸ ਵਿਸ਼ੇਸ਼ ਉਪਰਾਲੇ ਦੇ ਲਈ ਤਕਨੀਕੀ ਜਾਣਕਾਰੀ ਦਿੱਤੀ ਅਤੇ ਵੱਖ-ਵੱਖ ਸਕੂਲਾਂ ਵਿੱਚ ਕਰਵਾਈਆਂ ਜਾ ਰਹੀਆਂ ਗਤੀਵਿਧੀਆਂ ਦੀ ਰਿਪੋਰਟਿੰਗ ਵਿੱਚ ਏਕ ਭਾਰਤ ਸ਼੍ਰੇਸ਼ਟ ਭਾਰਤ ਦੇ ਨੋਡਲ ਇੰਚਾਰਜ ਹੈਡਮਿਸਟ੍ਰੈਸ ਡਿੰਪਲ ਵਰਮਾ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ।ਜਸਵਿੰਦਰ ਪਾਲ ਸ਼ਰਮਾ ਨੂੰ ਜਾਣਕਾਰੀ ਦਿੰਦੇ ਹੋਏ ਡੀਆਰਸੀ ਗੁਰਮੇਲ ਸਿੰਘ ਸਾਗੂ ਨੇ ਦੱਸਿਆ ਕਿ ਵੱਖ ਵੱਖ ਵਿਸ਼ਿਆਂ ਦੇ ਅਧਿਆਪਕ ਸਾਹਿਬਾਨ ਦੇ ਸਹਿਯੋਗ ਨਾਲ ਅੱਜ ਪਹਿਲੇ ਦਿਨ ਦੀਆਂ ਗਤੀਵਿਧੀਆਂ ਕਰਵਾਈਆਂ ਗਈਆਂ। ਇਸ ਪ੍ਰੋਗਰਾਮ ਵਿੱਚ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਇਸ ਪ੍ਰੋਜੈਕਟ ਨਾਲ ਰੂਬਰੂ ਕਰਵਾਉਂਦੇ ਹੋਏ ਤੇਲਗੂ ਭਾਸ਼ਾ ਅਤੇ ਸੱਭਿਆਚਾਰ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ ਅਤੇ ਵਿਦਿਆਰਥੀਆਂ ਨੇ ਵਰਣਮਾਲਾ, ਗਿਣਤੀ ਅਤੇ ਆਮ ਬੋਲਚਾਲ ਸੰਬੰਧੀ ਚਾਰਟ, ਰੋਲ ਪਲੇਅ ਆਦਿ ਤਿਆਰ ਕੀਤੇ।ਉਹਨਾਂ ਕਿਹਾ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਮਿਤੀ 26 ਮਈ ਤੋਂ 5 ਜੂਨ ਤੱਕ ਇਹ ਸਮਰ ਕੈਂਪ ਲਗਾਏ ਜਾਣਗੇ।

# ਫੋਰਟਿਸ ਹਸਪਤਾਲ ਲੁਧਿਆਣਾ ਵੱਲੋਂ ਪਿੰਡਾਂ ਵਿੱਚ ਪਰਿਵਾਰਕ ਸਿਹਤ ਜਾਗਰੂਕਤਾ ਵਧਾਉਣ ਲਈ ਸਰਪੰਚ ਮੀਟ ਦਾ ਆਯੋਜਨ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)—** ਪੰਜਾਬ ਦੇ ਪ੍ਰਮੁੱਖ ਸਿਹਤ ਸੇਵਾ ਪ੍ਰਦਾਤਾਵਾਂ ਵਿਚੋਂ ਇੱਕ, ਫੋਰਟਿਸ ਹਸਪਤਾਲ ਲੁਧਿਆਣਾ ਨੇ ਅੱਜ ਲੁਧਿਆਣਾ ਅਤੇ ਆਲੇ-ਦੁਆਲੇ ਦੇ ਪਿੰਡਾਂ ਦੇ ਸਰਪੰਚਾ ਨਾਲ ਮਿਲ ਕੇ ਇੱਕ ਸਰਪੰਚ ਮੀਟ ਸਫਲਤਾ ਪੂਰਵਕ ਕਰਵਾਈ। ਹਸਪਤਾਲ ਪ੍ਰਾਂਗਣ ਵਿੱਚ ਕਰਵਾਏ ਗਏ ਇਸ ਕਾਰਜ ਕ੍ਰਮ ਦਾ ਮਕਸਦ ਮਜ਼ਬੂਤ ਸਮੁਦ-ਾਇਕ ਭਾਈਚਾਰਾ ਬਣਾਉਣਾ ਅਤੇ ਪਿੰਡਾਂ ਵਿੱਚ ਪਰਿਵਾਰਕ ਸਿਹਤ, ਰੋਗਾਂ ਦੀ ਰੋਕਥਾਮ ਅਤੇ ਸਮੇਂ ਸਿਰ ਇਲਾਜ ਦੇ ਮਹੱਤਵ ਬਾਰੇ ਜਾਗਰੂਕਤਾ ਫੈਲਾਉਣਾ ਸੀ।

ਕਾਰਜ ਕ੍ਰਮ ਦਾ ਉਦਘਾਟਨ ਡਾ: ਵਿਸ਼ਵਦੀਪ ਗੋਯਲ (ਐਸ.ਬੀ.ਯੂ.ਹੈੱਡ ਅਤੇ ਜੋਨਲ ਡਾਇਰੈਕਟਰ, ਫੋਰਟਿਸ ਹਸਪਤਾਲ ਲੁਧਿਆਣਾ) ਨੇ ਕੀਤਾ । ਇਸ ਮੌਕੇ ਤੇ ਡਾ: ਸੰਜੀਵ ਮਹਾਜਨ (ਡਾਇਰੈਕਟਰ - ਆਥਰੋਪੀਡਿਕਸ), ਡਾ: ਪਰਮਦੀਪ ਸਿੰਘ ਸੰਧੂ (ਡਾਇਰੈਕਟਰ - ਕਾਰਡੀਓਲੋਜੀ), ਸ੍ਰੀ ਰਵੀ ਚੌਹਾਨ (ਹੈੱਡ - ਮਾਰਕਟਿੰਗ, ਫੋਰਟਿਸ ਲੁਧਿਆਣਾ) ਅਤੇ ਪਿੰਡ ਉੱਪਲ ਦੇ ਸਰਪੰਚ ਸ੍ਰੀ ਗੁਰਪ੍ਰੀਤ ਸਿੰਘ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

ਜਮਾਤ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਗੁਰਪ੍ਰੀਤ ਸਿੰਘ ਨੇ ਕਿਹਾ, "ਸਰਪੰਚ ਪਿੰਡਾਂ ਵਿੱਚ ਸਿਹਤ ਸੇਵਾਵਾਂ ਅਤੇਪਰਿਵਾਰਾਂ ਦੇ ਵਿਚਕਾਰ ਪੁਲ ਵਾਂਗ ਕੰਮ ਕਰਦੇ ਹਨ । ਅਸੀਂ ਪਿੰਡਾਂ ਵਿੱਚ ਲੋਕਾਂ ਨੂੰ ਰੋਕਥਾਮ ਵਾਲੀ ਸਿਹਤ ਦੇਖਭਾਲ ਵੱਲ ਪ੍ਰੇਰਿਤ ਕਰਦੇ ਹਾਂ ਅਤੇ ਇਹ ਯਕੀਨੀ ਬਣਾਉਂਦੇ ਹਾਂ ਕਿ ਕੋਈ ਵੀ ਪਿੱਛੇ ਨਾ ਰਹਿ ਜਾਏ। ਫੋਰਟਿਸ ਦੇ ਨਾਲ ਇਹ ਸਾਂਝ ਪਿੰਡਾਂ ਦੀ ਸਿਹਤ ਸੇਵਾ ਵਿੱਚ ਇਤਿਹਾਸਕ ਬਦਲਾਅ ਲਿਆ ਸਕਦੀ ਹੈ।"

ਕਾਰਜ ਕ੍ਰਮ ਦੇ ਮੁੱਖ ਆਕਰਸ਼ਣ ਵਜੋਂ ਫੋਰਟਿਸ ਦੇ ਦੋ ਸੀਨੀਅਰ ਮਾਹਿਰਾਂ ਵੱਲੋਂ ਸਿਹਤ ਸੰਬੰਧੀ ਵਿਚਾਰ ਸਾਂਝੇ ਕੀਤੇ ਗਏ।

ਡਾ: ਸੰਜੀਵ ਮਹਾਜਨ, ਡਾਇਰੈਕਟਰ - ਆਥਰੋਪੀਡਿਕਸ, ਨੇ ਹੱਡੀਆਂ ਅਤੇ ਜੋੜਾਂ ਦੀ ਸਿਹਤ ਦੇ ਮਹੱਤਵ ਬਾਰੇ ਦੱਸਿਆ ਅਤੇ ਪਿੰਡਾਂ ਦੇ ਲੋਕਾਂ ਨੂੰ ਸਮੇਂ ਸਿਰ ਜਾਂਚ, ਘੱਟੇ ਜਾਂ ਚੋਟਾਂ ਦੀ ਰੋਕਥਾਮ ਅਤੇ ਨਿਯਮਤ ਵਰਜ਼ਿਸ਼ ਦੀ ਮਹੱਤਤਾ ਵੱਲ ਧਿਆਨ ਦੇਣ ਲਈ ਕਿਹਾ । ਉਨ੍ਹਾਂ ਕਿਹਾ, "ਹੱਡੀਆਂ ਅਤੇ ਜੋੜਾਂ ਦੀ ਚੰਗੀ ਸਿਹਤ ਸਰਗਰਮ ਜੀਵਨ ਦੀ ਨੀਂਹ ਹੁੰਦੀ ਹੈ। ਬਹੁਤ ਸਾਰੇ ਲੋਕ ਆਰਥੋਪੀਡਿਕ ਦੇ ਸ਼ੁਰੂਆਤੀ ਲੱਛਣਾਂ ਨੂੰ ਨਜ਼ਰਅੰਦਾਜ਼ ਕਰਦੇ ਹਨ ਜਦ ਤੱਕ ਹਾਲਤ ਗੰਭੀਰ ਨਾ ਹੋ ਜਾਏ। ਮੈਂ ਪਿੰਡਾਂ ਦੇ ਲੋਕਾਂਨੂੰ ਅਪੀਲ ਕਰਦਾ ਹਾਂ ਕਿ ਉਹ ਚੰਗੀ ਮੋਢ ਤੇ ਵਰਜ਼ਿਸ਼ ਨੂੰ ਆਪਣੀ ਰੁਟੀਨ ਬਣਾਉਣ ਅਤੇ ਸਮੇਂ ਸਿਰ ਇਲਾਜ ਲੈਣ ਦੀ ਆਦਤ ਪਾਲਣ।"

ਡਾ: ਪਰਮਦੀਪ ਸਿੰਘ ਸੰਧੂ, ਡਾਇਰੈਕਟਰ - ਕਾਰਡੀਓਲੋਜੀ, ਨੇ ਪਿੰਡਾਂ ਵਿੱਚ ਵਧ ਰਹੀ ਦਿਲ ਦੀ ਬਿਮਾਰੀ ਉੱਤੇ ਚਿੰਤਾ ਜਤਾਈ। ਉਨ੍ਹਾਂ ਕਿਹਾ, "ਬਦਲਦੇ ਜੀਵਨਸ਼ੈਲੀ ਅਤੇ ਤਣਾਅ ਕਾਰਨ ਪਿੰਡਾਂਵਿੱਚ ਦਿਲ ਦੀ ਬਿਮਾਰੀ ਵਧ ਰਹੀ ਹੈ। ਮੇਰਾ ਸੰਦੇਸ਼ ਸਾਦਾ ਹੈ : ਆਪਣੇ ਦਿਲ ਦੀ ਦੇਖਭਾਲ ਸਮੇਂ ਸਿਰ ਕਰੋ, ਇਸ ਤੋਂ ਪਹਿਲਾਂ ਕਿ ਇਹ ਤੁਹਾਨੂੰ ਚੇਤਾਵਨੀ ਦੇਵੇ। ਨਿਯਮਤ ਜਾਂਚਾਂ ਅਤੇ ਸਰਗਰਮ ਰਹਿਣਾ ਜ਼ਿੰਦਗੀਆਂ ਬਚਾ ਸਕਦੇ ਹਨ।"ਡਾ: ਵਿਸ਼ਵਦੀਪ ਗੋਇਲ ਨੇ ਮੁੱਖ ਭਾਸ਼ਣ ਦਿੰਦੇ ਹੋਏ ਫੋਰਟਿਸ ਦੀ ਪਿੰਡਾਂ ਵਿੱਚ ਸਿਹਤ ਸੇਵਾ ਤੱਕ ਪਹੁੰਚ ਵਧਾਉਣ ਦੀ ਵਚਨਬੱਧਤਾ ਉਤੇ ਰੋਸ਼ਨੀ ਪਾਈ। ਉਨ੍ਹਾਂ ਕਿਹਾ, "ਫੋਰਟਿਸ ਵਿੱਚ ਅਸੀਂ ਮੰਨਦੇਹਾਂ ਕਿ ਸਿਹਤ ਸੇਵਾ ਸਿਰਫ ਹਸਪਤਾਲਾਂ ਵਿੱਚ ਨਹੀਂ, ਸਗੋਂ ਹਰ ਸਮੁਦਾਇਕ ਦਿਲ ਤੱਕ ਪਹੁੰਚਣ ਦੀ ਗੱਲ ਹੈ। ਪਿੰਡਾਂ ਦੇ ਆਗੂਆਂ ਨਾਲ ਸਿੱਧਾ ਸੰਪਰਕ ਕਰਕੇ, ਅਸੀਂ ਸਿਹਤ ਜਾਗਰੂਕਤਾ ਦੀ ਇੱਕ ਐਸੀ ਲਹਿਰ ਪੈਦਾ ਕਰਨਾ ਚਾਹੁੰਦੇ ਹਾਂ ਜੋ ਹਰ ਘਰ ਤੱਕ ਪਹੁੰਚੇ।ਮਿਲ ਕੇ ਅਸੀਂ ਇੱਕ ਸਿਹਤਮੰਦ, ਮਜ਼ਬੂਤ ਪੰਜਾਬ ਬਣਾ ਸਕਦੇ ਹਾਂ।" ਖਾਸ ਤੌਰ ਉੱਤੇ, ਫੋਰਟਿਸ ਲੁਧਿਆਣਾ ਨੇ ਸਰਪੰਚਾਂ ਅਤੇ ਉਨ੍ਹਾਂਦੇ ਪਰਿਵਾਰਾਂ ਲਈ ਇੱਕ ਵਿਸ਼ੇਸ਼ ਫੋਰਟਿਸ ਪ੍ਰਿਵਿਲੇਜ ਕਾਰਡ ਲਾਂਚ ਕਰਨ ਦਾ ਐਲਾਨ ਕੀਤਾ। ਇਹ ਕਾਰਡ ਉਨ੍ਹਾਂ ਨੂੰ ਓਪੀਡੀ ਸਲਾਹ-ਮਸ਼ਵਰੇ, ਆਈਪੀਡੀ ਦਾਖਿਲੇ ਅਤੇ ਕਈ ਤਰ੍ਹਾਂ ਦੀਆਂ ਡਾਇਗਨੋਸਟਿਕ ਜਾਂਚਾਂ ਉਤੇ ਵੱਡੀ ਛੂਟ ਦਿਵਾਏਗਾ — ਜਿਸ ਨਾਲ ਪਿੰਡਾਂ ਦੇ ਆਗੂਆਂ ਅਤੇ ਉਨ੍ਹਾਂ ਦੇਪਰਿਵਾਰਾਂ ਲਈ ਉੱਚ ਦਰਜੇ ਦੀ ਸਿਹਤ ਸੇਵਾ ਹੋਰ ਆਸਾਨੀ ਨਾਲ ਉਪਲਬਧ ਹੋਵੇਗੀ।ਕਾਰਜ ਕ੍ਰਮ ਦਾ ਸਮਾਪਨ ਪਿੰਡਾਂ ਦੇ ਪਰਿਵਾਰਾਂ ਲਈ ਭਵਿੱਖ ਵਿੱਚ ਹੋਣ ਵਾਲੀਆਂ ਸਿਹਤ ਪਹਿਲਾਂ ਉੱਤੇ ਮਿਲ ਕੇ ਕੰਮ ਕਰਨ ਦੀ ਸਾਂਝੀ ਸ਼ਪਥ ਨਾਲ ਕੀਤਾ ਗਿਆ।

# ਬੇਸਹਾਰਾ ਇਸਤਰੀਆਂ ਨੂੰ ਵੰਡੀਆਂ ਗਈਆਂ ਰਾਸ਼ਨ ਦੀਆਂ ਕਿੱਟਾਂ

## ਸੇਵਾ ਕਾਰਜਾਂ 'ਚ ਸੰਗਤਾਂ ਆਪਣਾ ਵਡਮੁੱਲਾ ਸਹਿਯੋਗ ਦੇਣ- ਮਾਸਟਰ ਤਰਲੋਚਨ ਸਿੰਘ



**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਮੁਨੱਖੀ ਸੇਵਾ ਕਾਰਜਾਂ ਨੂੰ ਸਮਰਪਿਤ ਸੰਸਥਾ ਸ਼੍ਰੀ ਕੀਰਤਨ ਸੇਵਾ ਸੁਸਾਇਟੀ (ਰਜਿ:) ਦੇ ਵੱਲੋਂ ਅੱਜ ਮਾਡਲ ਟਾਊਨ ਐਕਸਟੈਨਸ਼ਨ ਸਥਿਤ ਆਪਣੇ ਦਫ਼ਤਰ ਵਿਖੇ ਸਰਬੱਤ ਦੇ ਭਲੇ ਦੀ ਅਰਦਾਸ ਕਰਦਿਆਂ ਹੋਇਆਂ ਬੇਸਹਾਰਾ ਇਸਤਰੀਆਂ ਦੀ ਮੱਦਦ ਕਰਨਾ ਹਿੱਤ ਉਨ੍ਹਾਂ ਨੂੰ ਸੁਸਾਇਟੀ ਦੇ ਵੱਲੋਂ ਨਿਸ਼ਕਾਮ ਰੂਪ ਵਿੱਚ ਰਾਸ਼ਨ ਦੀਆਂ ਕਿੱਟਾਂ ਵੰਡੀਆਂ ਗਈਆਂ। ਇਸ ਮੌਕੇ ਸੁਸਾਇਟੀ ਦੇ ਸਰਪ੍ਰਸਤ ਮਾਸਟਰ ਤਰਲੋਚਨ ਸਿੰਘ ਤੇ ਮੁੱਖ ਸੇਵਾਦ-ਾਰ ਸ੍ਰ: ਪ੍ਰੇਮ ਸਿੰਘ ਨੇ ਸਾਂਝੇ ਤੌਰ ਤੇ ਕਿਹਾ ਕਿ ਗੁਰੂ ਸਹਿਬਾਨ ਵੱਲੋਂ ਬਖਸ਼ੇ ਸੇਵਾ ਸੰਕਲਪ ਤੇ ਪਹਿਰਾ ਦੇ ਕੇ ਮੁਨੱਖਤਾ ਦੀ ਸੇਵਾ ਕਰਨਾ ਸਭ ਤੋਂ ਉੱਤਮ ਸੇਵਾ ਹੈ। ਇਸੇ ਸੇਵਾ ਮਿਸ਼ਨ ਤੇ ਚੱਲਦਿਆਂ ਸਤਿਗੁਰੂ ਦੀ ਆਪਾਰ ਬਖਸ਼ਿਸ਼ ਸਦਕਾ ਸ਼੍ਰੀ ਕੀਰਤਨ ਸੇਵਾ ਸੁਸਾਇਟੀ (ਰਜਿ:) ਪਿਛਲੇ ਕਈ ਸਾਲਾਂ ਤੋਂ ਨਿਸ਼ਕਾਮ ਰੂਪ ਵਿੱਚ ਮੁਨੱਖੀ ਭਲਾਈ ਕਾਰਜਾਂ ਵਿੱਚ ਜੁੱਟੀ ਹੋਈ ਹੈ। ਜਿਸ ਦੇ ਅੰਤਰਗਤ ਸੁਸਾਇਟੀ ਵੱਲੋਂ ਜਿੱਥੇ ਲੋਕਾਂ ਨੂੰ ਫਰੀ ਮੈਡੀਕਲ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ, ਅੱਖਾਂ ਦੇ ਫਰੀ ਚੈਕਅੱਪ ਕੈਂਪ ਮਰੀਜ਼ਾਂ ਲਈ ਲਗਾਏ ਜਾਂਦੇ ਹਨ ਅਤੇ ਲੋੜਵੰਦ ਵਿਧਵਾਵਾਂ ਦੀ ਮੱਦਦ ਕਰਨ ਹਿੱਤ ਉਨ੍ਹਾਂ ਨੂੰ ਸੁਸਾਇਟੀ ਵੱਲੋਂ ਹਰ ਮਹੀਨੇ ਨਿਸ਼ਕਾਮ ਰੂਪ ਵਿੱਚ ਰਾਸ਼ਨ ਵੀ ਵੰਡਿਆ ਜਾਂਦਾ ਹੈ। ਇਸ ਤੋਂ ਇਲਾਵਾ ਸੁਸਾਇਟੀ ਵੱਲੋਂ ਲੁਧਿਆਣਾ ਸ਼ਹਿਰ ਵਿਖੇ ਲੜਕੀਆਂ ਨੂੰ ਸਿਲਾਈ ਕਢਾਈ ਦੀ ਸਿਖਲਾਈ ਦੇਣ ਲਈ ਦੋ ਸਿਲਾਈ ਸੈਂਟਰ ਵੀ ਚਲਾਏ ਜਾ ਰਹੇ ਹਨ। ਇਸ ਮੌਕੇ ਸੁਸਾਇਟੀ ਦੀ ਰਾਸ਼ਨ ਵੰਡ ਇੰਚਾਰਜ ਬੀਬੀ ਬਲਦੇਵ ਕੌਰ ਤੇ ਸ੍ਰ: ਸੁਰਿੰਦਰ ਸਿੰਘ ਨੇ ਦੱਸਿਆ ਕਿ ਲੋੜਵੰਦ ਵਿਧਵਾਵਾਂ ਦੀ ਮੱਦਦ ਕਰਨ ਦੇ ਮਨੋਰਥ ਨਾਲ ਪਿਛਲੇ ਲੰਬੇ ਸਮੇਂ ਤੋਂ ਚੱਲ ਰਹੀ ਸੇਵਾ ਨੂੰ ਨਿਰੰਤਰ ਜਾਰੀ ਰੱਖਣ ਲਈ ਸੁਸਾਇਟੀ ਦੇ ਸਮੂਹ ਮੈਂਬਰਾਂ ਵੱਲੋਂ ਆਪਣਾ ਬਣਦਾ ਯੋਗਦਾਨ ਸੇਵਾ ਕਾਰਜਾਂ ਵਿੱਚ ਪਾਇਆ ਜਾ ਰਿਹਾ ਹੈ। ਅੱਜ ਅਸੀਂ 40 ਦੇ ਕਰੀਬ ਲੋੜਵੰਦ ਵਿਧਵਾਵਾਂ ਦੀ ਮੱਦਦ ਕਰਦਿਆਂ ਉਨ੍ਹਾਂ ਨੂੰ ਨਿਸ਼ਕਾਮ ਰੂਪ ਵਿੱਚ ਰਾਸ਼ਨ ਦੀਆਂ ਕਿੱਟਾਂ ਤਕਸੀਮ ਕੀਤੀਆਂ ਹਨ। ਇਸ ਸਮੇਂ ਸੁਸਾਇਟੀ ਦੇ ਸਰਪ੍ਰਸਤ ਮਾਸਟਰ ਤਰਲੋਚਨ ਸਿੰਘ, ਸ੍ਰ: ਪ੍ਰੇਮ ਸਿੰਘ ਮੁੱਖ ਸੇਵਾਦਾਰ, ਰਮਨ-ਜੋਤ ਸਿੰਘ ਸੋਨੂੰ, ਗੁਰਿੰਦਰ ਸਿੰਘ ਦੀਪ, ਅਗਮਪ੍ਰੀਤ ਸਿੰਘ ਹਾਜ਼ਰ ਸਨ।

# ਸਮਰ ਕੈਂਪ ਵਿੱਚ ਬੱਚੇ ਆਪਣੀ ਭਾਸ਼ਾ ਦੇ ਨਾਲ-ਨਾਲ ਤੇਲਗੂ ਵੀ ਸਿੱਖ ਰਹੇ ਹਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਜੋਵਾਲ ਵਿਖੇ ਪ੍ਰਿੰਸੀਪਲ ਅਸ਼ੋਕ ਕੁਮਾਰ ਦੀ ਦੇਖ-ਰੇਖ ਹੇਠ ਜ਼ਿਲ੍ਹਾ ਸਿੱਖਿਆ ਅਧਿਕਾਰੀ ਸੈਕੰਡਰੀ ਮੈਡਮ ਲਲਿਤਾ ਅਰੋੜਾ ਦੀ ਅਗਵਾਈ ਹੇਠ ਸੱਤ ਦਿਨਾਂ ਭਾਰਤੀ ਭਾਸ਼ਾ ਸਮਰ ਕੈਂਪ ਸ਼ੁਰੂ ਹੋਇਆ। ਇਸ ਦੌਰਾਨ ਬੱਚਿਆਂ ਨੂੰ ਤੇਲਗੂ ਭਾਸ਼ਾ ਬਾਰੇ ਜਾਣਕਾਰੀ ਦੇਣ ਦਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ। ਅਧਿਆਪਕਾਂ ਨੇ ਬੱਚਿਆਂ ਨੂੰ ਦੱਸਿਆ ਕਿ ਜਿਸ ਤਰ੍ਹਾਂ ਅਸੀਂ ਆਪਣੀ ਭਾਸ਼ਾ ਨੂੰ ਲਗਾਤਾਰ ਪੜ੍ਹਦੇ ਅਤੇ ਬੋਲਦੇ ਹਾਂ। ਇਸੇ ਤਰ੍ਹਾਂ ਸਾਨੂੰ ਦੇਸ਼ ਦੇ ਹੋਰ ਹਿੱਸਿਆਂ ਵਿੱਚ ਪ੍ਰਚਲਿਤ ਭਾਸ਼ਾਵਾਂ ਦਾ ਗਿਆਨ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਤੇਲਗੂ ਦੱਖਣੀ ਭਾਰਤ ਵਿੱਚ ਬੋਲੀ ਜਾਣ ਵਾਲੀ ਇੱਕ ਪ੍ਰਮੁੱਖ ਭਾਸ਼ਾ ਹੈ। ਉਨ੍ਹਾਂ ਬੱਚਿਆਂ ਨੂੰ ਤੇਲਗੂ ਭਾਸ਼ਾ ਵਿੱਚ ਕਿਸੇ ਨੂੰ ਮਿਲਣ 'ਤੇ ਨਮਸਕਾਰ ਕਰਨ



ਅਤੇ ਦੂਜਿਆਂ ਨੂੰ ਉਨ੍ਹਾਂ ਦੀ ਭਲਾਈ ਬਾਰੇ ਪੁੱਛਣ ਬਾਰੇ ਜਾਣਕਾਰੀ ਦਿੱਤੀ ਅਤੇ ਤੇਲਗੂ ਭਾਸ਼ਾ ਵਿੱਚ ਗਿਣਤੀ ਲਈ ਵਰਤੇ ਜਾਣ ਵਾਲੇ ਸ਼ਬਦਾਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਜਦੋਂ ਅਸੀਂ ਕਿਤੇ ਬਾਹਰ ਜਾਂਦੇ ਹਾਂ, ਜੇਕਰ ਸਾਨੂੰ ਉਸ ਇਲਾਕੇ ਦੀ ਭਾਸ਼ਾ ਦਾ ਗਿਆਨ ਹੁੰਦਾ ਹੈ ਤਾਂ ਸਾਨੂੰ ਲੋਕਾਂ ਨੂੰ ਮਿਲਣਾ ਅਤੇ ਉਨ੍ਹਾਂ ਦੇ ਸੱਭਿਆਚਾਰ ਨੂੰ ਸਮਝਣਾ ਆਸਾਨ ਹੋ ਜਾਂਦਾ ਹੈ। ਭਾਰਤ ਵਿੱਚ ਬਹੁਤ ਸਾਰੀਆਂ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਇਹ ਸਾਡੀ ਸੰਸਕ੍ਰਿਤੀ ਅਤੇ ਸੱਭਿਅਤਾ ਦੀ ਇੱਕ ਵਿਸ਼ੇਸ਼ਤਾ ਹੈ। ਵੱਖ-ਵੱਖ ਭਾਸ਼ਾਵਾਂ ਹੋਣ ਦੇ ਬਾਵਜੂਦ, ਅਸੀਂ ਅਜੇ ਵੀ ਇੱਕ ਸੂਤਰ ਵਿੱਚ ਘਿਰੇ ਹੋਏ ਹਾਂ। ਇਹ ਦੇਸ਼ ਦੀ ਏਕਤਾ ਨੂੰ ਵੀ ਮਜ਼ਬੂਤ ਕਰਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਪੂਰੀ ਲਗਨ ਨਾਲ ਇਸ ਭਾਸ਼ਾ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਪਵੇਗੀ ਤਾਂ ਹੀ ਅਸੀਂ ਇਸ ਸਮਰ ਕੈਂਪ ਦਾ ਲਾਭ ਉਠਾ ਸਕਦੇ ਹਾਂ। ਇਸ ਮੌਕੇ ਮੈਡਮ ਕੁਲਵਿੰਦਰ ਕੌਰ, ਸੁਕ੍ਰਿਤੀ ਕਸ਼ਯਪ, ਕਿਸ਼ੋਰ ਲਾਲ ਅਤੇ ਅਮਨੀਤ ਕੌਰ ਨੇ ਬੱਚਿਆਂ ਨੂੰ ਤੇਲਗੂ ਭਾਸ਼ਾ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਬੱਚੇ ਤੇਲਗੂ ਭਾਸ਼ਾ ਸਿੱਖਣ ਵਿੱਚ ਦਿਲਚਸਪੀ ਦਿਖਾ ਰਹੇ ਹਨ। ਫੋਟੋ ਕੈਪਸ਼ਨ: ਸੁਕ੍ਰਿਤੀ ਕਸ਼ਯਪ ਅਤੇ ਹੋਰ ਲੋਕ ਤੇਲਗੂ ਭਾਸ਼ਾ ਵਿੱਚ ਨਮਸਕਾਰ ਬਾਰੇ ਜਾਣਕਾਰੀ ਦੇ ਰਹੇ ਹਨ।

# ਅਜ਼ਾਦ ਸਕਿਓਰਟੀ ਗਾਰਡਜ਼ ਯੂਨੀਅਨ ਦਾ ਹੋਇਆ ਗਠਨ



**ਫ਼ਰੀਦਕੋਟ।** ਅੱਜ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਫ਼ਰੀਦਕੋਟ ਦੇ ਰੋਜ ਗਾਰਡਨ ਵਿਚ ਸਕਿਓਰਟੀ ਗਾਰਡਜ਼ ਦੀ ਭਾਰੀ ਇਕੱਠ ਵਿਚ ਹੋਈ।ਜਿਸ ਵਿਚ ਸਹਿਮਤੀ ਨਾਲ ਪਰਦੀਪ ਸਿੰਘ ਭਾਊ ਪੱਖੀ ਕਲਾਂ ਜੀ ਨੂੰ ਪ੍ਰਧਾਨ ਥਾਪਿਆ ਗਿਆ। ਏਸੇ ਤਰਾਂ ਸਹਿਮਤੀ ਨਾਲ ਸਰਬਜੀਤ ਸਿੰਘ ਫਿੱਡੇ ਕਲਾਂ ਨੂੰ ਸੀਨੀਅਰ ਮੀਤ ਪ੍ਰਧਾਨ, ਗੁਰਪ੍ਰੀਤ ਸਿੰਘ ਚਮੇਲੀ ਤੇ ਜੋਗਰਾਜ ਸਿੰਘ ਨੂੰ ਜਰਨਲ ਸਕੱਤਰ , ਗੁਰਵਿੰਦਰ ਸਿੰਘ ਤੇ ਮਹਾਵੀਰ ਸਿੰਘ ਮੀਤ ਪ੍ਰਧਾਨ,ਨਰਿੰਦਰ ਜੱਜਾ ਨੂੰ ਪ੍ਰੈਸ ਸਕੱਤਰ,ਪ੍ਰਦੀਪ ਮੱਕੜ ਤੇ ਵਿਜੇ ਸ਼ਰਮਾਂ ਨੂੰ ਕਾਨੂੰਨੀ ਸਲਾਹਕਾਰ, ਰਣਜੀਤ ਭਲੂਰ ਤੇ ਅਮਨਦੀਪ ਮਚਾਕੀ ਨੂੰ ਮੁੱਖ ਸਲਾਹਕਾਰ, ਗੁਰਭੇਜ ਸਿੰਘ ਢੁੱਡੀ , ਲੱਖਾ ਢੁੱਡੀ, ਲਲਿਤ ਕੁਮਾਰ ਨੂੰ ਸਲਾਹਕਾਰ ਚੁਣਿਆਂ ਗਿਆਂ। ਇਸ ਸਮੇ ਸਮੂਹ ਸਕਿਓਰਟੀ ਗਾਰਡਜ਼ ਵੱਲੋ ਮੰਗਾਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ ।

# ਭਾਰਤ ਵਿਕਾਸ ਪ੍ਰੀਸ਼ਦ ਭੀਖੀ ਵੱਲੋਂ ਖੁਸ਼ਹਾਲ ਜ਼ਿੰਦਗੀ ਦਾ ਈਵੈਂਟ ਕਰਵਾਇਆ ਗਿਆ





**ਭੀਖੀ ( ਕਮਲ ਜਿੰਦਲ)** ਭਾਰਤ ਵਿਕਾਸ ਪਰਿਸ਼ਦ ਭੀਖੀ ਵੱਲੋਂ ਸ਼ਿਵ ਮੰਦਿਰ ਭੀਖੀ ਵਿਖੇ ਖੁਸ਼ਹਾਲ ਜ਼ਿੰਦਗੀ ਜਿਉਣ ਲਈ ਈਵੈਂਟ ਕਰਵਾਇਆ ਗਿਆ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਸੰਜੀਵ ਕੁਮਾਰ, ਰਕੇਸ਼ ਕੁਮਾਰ, ਭੀਮ ਸੈਨ ਸੇਵਾਦਾਰ ਰਾਮਬਾਗ ਕਮੇਟੀ ਭੀਖੀ ਅਤੇ ਸੰਸਥਾ ਦੇ ਪ੍ਰਧਾਨ ਡਾਕਟਰ ਗੁਰਤੇਜ ਸਿੰਘ ਚਹਿਲ ਅਤੇ ਸੰਸਥਾ ਦੇ ਸਰਪ੍ਰਸਤ ਮਾਸਟਰ ਬਿਰਜ ਲਾਲ ,ਅਸੋਕ ਜੈਨ ਜੀ ਅਤੇ ਵਾਈਸ ਪ੍ਰਧਾਨ ਪੁਰਸ਼ੋਤਮ ਕੁਮਾਰ ਜੀ, ਸੁਖਦੇਵ ਸਿੰਘ ਪ੍ਰਧਾਨ ਨਗਰ ਪੰਚਾਇਤ ,ਸਮੂਹ ਐਮ.ਸੀ ਅਤੇ ਮਹਿਲਾ ਵਿੰਗ ਦੀ ਪ੍ਰਧਾਨ ਸ਼ਵੇਤਾ ਸਿੰਗਲਾ ਵੱਲੋਂ ਜੋਤ ਜਲਾ ਕੇ ਪ੍ਰੋਗਰਾਮ ਦੀ ਸ਼ੁਰੂਆਤ ਰਾਸ਼ਟਰੀ ਗੀਤ ਗਾ ਕੇ ਕੀਤੀ ਗਈ। ਇਸ ਈਵੈਂਟ ਵਿੱਚ ਰਣਦੀਪ ਸਿੰਘ ਕੋਚ ਖੰਨਾ ਆਪਣੀ ਪੂਰੀ ਟੀਮ ਸਮੇਤ ਪਹੁੰਚੇ। ਰਣਦੀਪ ਸਿੰਘ ਹੈਲਥ ਕੋਚ



ਵੱਲੋਂ ਪੰਜਾਬ ਦੇ ਅਲੱਗ ਅਲੱਗ ਸ਼ਹਿਰਾਂ ਅਤੇ ਪਿੰਡਾਂ ਵਿੱਚੋਂ ਪਹੁੰਚੇ 800 ਦੇ ਤਕਰੀਬਨ ਲੋਕਾ ਨੂੰ ਸਟੇਜ ਉੱਪਰ ਹੀ ਅਲੱਗ ਅਲੱਗ ਥਰੈਪੀਆ ਨੂੰ ਸਾਇੰਸਕਲੀ ਅਤੇ ਮੈਡੀਕਲੀ ਅਧਾਰਿਤ ਅਤੇ ਧਾਰਮਿਕ ਕਲੀ ਤੌਰ ਤੇ ਪਹੁੰਚੇ ਲੋਕਾਂ ਨੂੰ ਸਟੇਜ ਉੱਪਰ ਬੁਲਾ ਕੇ ਪ੍ਰੈਕਟੀਕਲੀ ਤੌਰ ਤੇ ਸਮਝਾਇਆ ਅਤੇ ਕਰਵਾਇਆ ਗਿਆ। ਹੈਲਥ ਕੋਚ ਵੱਲੋਂ ਆਪਣੀ ਪੂਰੀ ਮਿਊਜੀਕਲ ਟੀਮ ਅਜੇ ਕੁਮਾਰ ਆਦਿ ਨੇ ਸਿੰਗਿੰਗ ਥਰੈਪੀਆ ਨਾਲ ਟੈਂਨਸ਼ਨਾਂ ਅਤੇ ਦਿਮਾਗੀ ਤੌਰ ਤੇ ਪਰੇਸ਼ਾਨ ਲੋਕਾਂ ਅਤੇ ਪੂਰੇ ਪੰਡਾਲ ਨੂੰ ਫੁੱਲ ਟਾਈਮ ਖੁਸ਼ ਰੱਖਿਆ। ਇਸ ਟਾਈਮ ਸੈਕਟਰੀ ਰਾਜਕੁਮਾਰ ਸਿੰਗਲਾ, ਕੈਸ਼ੀਅਰ ਰੋਹਤਾਸ਼ ਕੁਮਾਰ ਸਿੰਗਲਾ ਅਤੇ ਰਕੇਸ਼ ਕੁਮਾਰ ਮਹਿਤਾ ਨੇ ਸੰਸਥਾ ਦੀਆਂ ਪ੍ਰਾਪਤੀਆਂ ਬਾਰੇ ਵਿਸਥਾਰ ਪੂਰਵਕ ਦੱਸਿਆ। ਇਸ ਤੋਂ ਇਲਾਵਾ ਸੰਸਥਾ ਦੇ ਅਹੁਦੇਦਾਰ ਮਾਸਟਰ ਰਵੀ ਕੁਮਾਰ ਸਿੰਘ, ਗਗਨਦੀਪ ਜਿੰਦਲ ,ਅਮਿਤ ਗੁਪਤਾ, ਸੰਜੀਵ ਕੁਮਾਰ, ਸੁਰੇਸ਼ ਕੁਮਾਰ ਸਿੰਗਲਾ ,ਸੁਖਦੇਵ ਸਿੰਘ, ਡਾਕਟਰ ਸੁਖਵਿੰਦਰ ਸਿੰਘ ਚਹਿਲ, ਟੋਨੀ ਕੁਮਾਰ, ਰਾਜੀਵ ਕੁਮਾਰ, ਚਿੰਕੂ ਸਿੰਗਲਾ, ਪ੍ਰਿੰਸ ਕੁਮਾਰ, ਵਿਵੇਕ ਜੈਨ ਬੱਬੂ, ਕੁਲਦੀਪ ਸਿੰਘ, ਰਾਮਪਾਲ ਕੁਮਾਰ ,ਰਾਮ ਸਿੰਘ ,ਬਰਿੰਦਰ ਕੁਮਾਰ ਜਿੰਦਲ ,ਰਕੇਸ਼ ਕੁਮਾਰ, ਵਰਿੰਦਰ ਪਾਲ ਲਵਲੀਨ ਕੁਮਾਰ ,ਡਾਕਟਰ ਅਜੇਵੀਰ ਸਿੰਘ, ਓਮ ਕਾਰ ਮਿੱਤਲ ਨੇ ਸੰਸਥਾ ਵੱਲੋਂ ਕੀਤੇ ਗਏ ਚਾਹ ਪਾਣੀ ਅਤੇ ਬਿਸਕੁਟ ਮੱਠੀ ਦੇ ਪ੍ਰਬੰਧ ਤੋਂ ਇਲਾਵਾ ਆਈਆਂ ਸੰਗਤਾਂ ਨੂੰ ਕੋਈ ਦਿੱਕਤ ਨਹੀਂ ਆਉਣ ਦਿੱਤੀ ਅਤੇ ਪੂਰਾ ਟਾਈਮ ਇਸ ਸਮਾਗਮ ਦੀ ਦੇਖਰੇਖ ਕੀਤੀ।

# ਲੋਕਾਂ ਦੇ ਸਾਥ ਨਾਲ ਹਲਕੇ ਦੇ ਵਿਕਾਸ ਦਾ ਤਿਆਰ ਹੋਵੇਗਾ ਰੋਡਮੈਪ-ਐਡਵੋਕੇਟ ਘੁੰਮਣ

## ਵੋਟ ਪਾਉਣ ਵੇਲੇ ਲੋਕ ਇਲਾਕੇ ਦੀ ਭਲਾਈ ਅਤੇ ਭਵਿੱਖ ਬਾਰੇ ਇੱਕ ਵਾਰ ਜ਼ਰੂਰ ਸੋਚਣ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਵਿਧਾਨ ਸਭਾ ਹਲਕਾ ਪੱਛਮੀ ਦੀਆਂ ਮੁਢਲੀਆਂ ਸਮੱਸਿਆਵਾਂ ਦੀ ਵਕਾਲਤ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਨੇ ਅੱਜ ਇਲਾਕੇ ‘ਚ ਚੋਣ ਪ੍ਰਚਾਰ ਦੌਰਾਨ ਲੋਕਾਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਇਲਾਕੇ ਦੀਆਂ ਮੁਢਲੀਆਂ ਸਮੱਸਿਆਵਾਂ ਦੇ ਨਾਲ-ਨਾਲ ਗੰਭੀਰ ਸਮੱਸਿਆਵਾਂ ਅਤੇ ਮਿਲਣ ਵਾਲੀਆਂ ਬੁਨਿਆਦੀ ਸਹੂਲਤਾਂ ਦੀ ਕਮੀ ਨੂੰ ਵੱਡੀ ਚਣੌਤੀ ਦੱਸਿਆ। ਐਡਵੋਕੇਟ ਘੁੰਮਣ ਨੇ ਕਿਹਾ ਕਿ ਵੋਟ ਦੇ ਅਧਿਕਾਰ ਨਾਲ ਆਉਣ ਵਾਲੇ ਸਮੇਂ ਦੀ ਨੀਂਹ ਰੱਖੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਬੀਤ ਚੁੱਕੇ ਕਰੀਬ ਸਾਢੇ ਤਿੰਨ ਸਾਲ ਪਹਿਲਾਂ ਪੰਜਾਬ ਨੂੰ ਰੰਗਲਾ ਪੰਜਾਬ ਦੇ ਵਾਅਦੇ ਕਰਨ ਵਾਲਿਆਂ ਹੱਥ ਪੰਜਾਬ ਦੀ ਵਾਗਡੋਰ ਸੰਭਾਲ ਦਿੱਤੀ ਗਈ ਸੀ ਜੋ ਹੁਣ ਪੰਜਾਬ ਵਾਸੀਆਂ ਲਈ ਹੀ ਵੱਡਾ ਪਛਤਾਵਾ ਬਣ ਕੇ ਰਹਿ ਚੁੱਕੀ ਹੈ। ਐਡਵੋਕੇਟ ਘੁੰਮਣ ਨੇ ਕਿਹਾ ਕਿ ਅੱਜ ਵੀ ‘ਆਮ ਆਦਮੀ ਪਾਰਟੀ’ ਦੇ





ਨੁਮਾਇੰਦੇ ਝੂਠ ਅਤੇ ਫਰੇਬ ਦੀ ਰਾਜਨੀਤੀ ਕਰਨ ਤੋਂ ਬਾਜ ਨਹੀਂ ਆ ਰਹੇ ਤੇ ਲੋਕਾਂ ਨੂੰ ਝੂਠੇ ਸਬਜ਼ਬਾਗ ਦਿਖਾ ਵੋਟਾਂ ਦੀ ਰਾਜਨੀਤੀ ਕਰ ਰਹੇ ਹਨ। ਘੁੰਮਣ ਨੇ ਦਾਅਵਾ ਕੀਤਾ ਕਿ ਜੇਕਰ ਹਲਕੇ ਦੇ ਲੋਕ ਉਨ੍ਹਾਂ ਨੂੰ ਇੱਕ ਵਾਰ ਹਲਕੇ ਦੀ ਨੁਮਾਇੰਦਗੀ ਕਰਨ ਦਾ ਮੌਕਾ ਦਿੰਦੇ ਹਨ ਤਾਂ ਉਹ ਇਲਾਕੇ ਦੇ ਵਿਕਾਸ ਲਈ ਠੋਸ ਰੋਡਮੈਪ ਲੈ ਕੇ ਆਉਣਗੇ। ਉਨ੍ਹਾਂ ਕਿਹਾ ਕਿ ਸਾਡਾ ਮੁੱਖ ਮਕਸਦ ਸਾਫ-ਸੁਥਰੀ ਰਾਜਨੀਤੀ ਅਤੇ ਲੋਕ-ਕੇਂਦਰਤ ਨੀਤੀਆਂ ਰਾਹੀਂ ਹਲਕਾ ਪੱਛਮੀ ਨੂੰ ਵਧੀਆ ਜੀਵਨ ਮਿਆਰ ਵਾਲਾ ਹਲਕਾ ਬਨਾਉਣਾ ਹੈ। ਉਨ੍ਹਾਂ ਹਲਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੋਟ ਪਾਉਣ ਸਮੇਂ ਇਲ-ਾਕੇ ਦੀ ਭਲਾਈ ਅਤੇ ਭਵਿੱਖ ਬਾਰੇ ਇੱਕ ਵਾਰ ਜ਼ਰੂਰ ਸੋਚਣ। ਉਨ੍ਹਾਂ ਕਿਹਾ ਕਿ ਸਾਡੀ ਲੜਾਈ ਲੋਕਾਂ ਦੇ ਹੱਕਾਂ ਲਈ ਲੜਾਈ ਹੈ, ਸਾਡਾ ਸੰਕਲਪ ਲੋਕ ਪੱਖੀ ਸਰਕਾਰ ਲਿਆਉਣਾ ਹੈ ।

# ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦਾ ਦੂਜਾ ਗੇੜ

## ਜਰਖੜ ਹਾਕੀ ਅਕੈਡਮੀ, ਮੋਗਾ, ਰਾਮਪਰ, ਅਤੇ ਅਮਰਗੜ੍ਹ ਨੇ ਆਪਣੇ ਜੇਤੂ ਕਦਮ ਅੱਗੇ ਵਧਾਏ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਮਾਤਾ ਸਾਹਿਬ ਕੌਰ ਖੇਡ ਸਟੇਡੀਅਮ ਜਰਖੜ ਵਿਖੇ ਚੱਲ ਰਹੇ 15ਵੇਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਦੂਜੇ ਗੇੜ ਦੇ ਮੈਚਾਂ ਵਿੱਚ ਜਰਖੜ ਹਾਕੀ ਅਕੈਡਮੀ, ਡਾਕਟਰ ਕੁਲਦੀਪ ਸਿੰਘ ਮੋਗਾ, ਨੀਟਾ ਕਲੱਬ ਰਾਮਪੁਰ ਅਤੇ ਅਮਰਗੜ੍ਹ ਨੇ ਆਪੋ ਆਪਣੇ ਮੈਚ ਜਿੱਤ ਕੇ ਆਪਣੇ ਜੇਤੂ ਕਦਮ ਅੱਗੇ ਵਧਾਏ।

ਅੱਜ ਰਾਤ ਫਲੱਡ ਲਾਈਟਾਂ ਦੀ ਰੋਸ਼ਨੀ ਵਿੱਚ ਖੇਡੇ ਗਏ ਦੂਸਰੇ ਗੇੜ ਦੇ ਅੱਠ ਮੈਚਾਂ ਵਿੱਚ ਸੀਨੀਅਰ ਵਰਗ ਵਿੱਚ ਜਰਖੜ ਹਾਕੀ ਅਕੈਡਮੀ ਨੇ ਬਹੁਤ ਹੀ ਰੋਮਾਂਚਕ ਅਤੇ ਸੰਘਰਸ਼ਪੂਰਨ ਮੁਕਾਬਲੇ ਵਿੱਚ ਕਿਲਾ ਰਾਏਪੁਰ ਨਾਲ 4-4 ਦੀ ਬਰਾਬਰੀ ਤੋਂ ਬਾਅਦ ਪੈਨਲਟੀ ਸ਼ੂਟ ਆਊਟ ਵਿੱਚ 6-5 ਨਾਲ ਹਰਾਇਆ। ਜਰਖੜ ਟੀਮ ਦਾ





ਗੋਲਕੀਪਰ ਅੰਤਰ ਰਾਸ਼ਟਰੀ ਸਟਾਰ ਹਰਜੋਤ ਸਿੰਘ ਜੋਤੀ "ਡਾਬਰ ਹੀਰੋ ਆਫ ਦਾ ਮੈਚ" ਬਣਿਆ, ਜਦਕਿ ਸੀਨੀਅਰ ਵਰਗ ਦੇ ਦੂਸਰੇ ਮੈਚ ਵਿੱਚ ਵਰਤਮਾਨ ਚੈਂਪੀਅਨ ਡਾਕਟਰ ਕੁਲਦੀਪ ਸਿੰਘ ਕਲੱਬ ਮੋਗਾ ਨੇ ਗਿੱਲ ਕਲੱਬ ਘਵੱਦੀ ਨੂੰ 8-6 ਨਾਲ ਹਰਾਇਆ । ਮੋਗਾ ਦਾ ਜਸਦੀਪ ਸਿੰਘ "ਡਾਬਰ ਹੀਰੋ ਆਫ਼ ਦਾ ਮੈਚ" ਬਣਿਆ ਜਦ ਕਿ ਅਮਰਗੜ੍ਹ ਨੇ ਯੰਗ ਕਲੱਬ ਉਟਾਲਾ ਨੂੰ 7-3 ਨਾਲ ਹਰਾਇਆ । ਅਮਰਗੜ੍ਹ ਦਾ ਮਨਦੀਪ ਸਿੰਘ "ਡਾਬਰ ਹੀਰੋ ਆਫ਼ ਦਾ ਮੈਚ" ਬਣਿਆ। ਨੀਟਾ ਕਲੱਬ ਰਾਮਪੁਰ ਨੇ ਬਾਬਾ ਮਹੰਤ ਕਿਰਪਾਲ ਦਾਸ ਕਲੱਬ ਨੂੰ 8-3 ਗੋਲਾਂ ਨਾਲ ਹਰਾਇਆ। ਰਾਮਪੁਰ ਦਾ ਗੋਲਕੀਪਰ ਵਿਕਾਸ ਕੁਮਾਰ "ਡਾਬਰ ਹੀਰੋ ਆਫ਼ ਦਾ ਮੈਚ" ਬਣਿਆ। ਜੂਨੀਅਰ ਵਰਗ ਵਿੱਚ ਘਵੱਦੀ ਸਕੂਲ ਨੇ ਰਾਉਂਡ ਕਲਾਸ ਅਕੈਡਮੀ ਤਹਿੰਗ ਨੂੰ 3-2 ਗੋਲਾਂ ਨਾਲ ਹਰਾਇਆ। ਘਵੱਦੀ ਦਾ ਹਰਸਿਮਰਨ ਸਿੰਘ "ਡਾਬਰ ਹੀਰੋ ਆਫ ਦਾ ਮੈਚ" ਬਣਿਆ। ਦੂਸਰੇ ਮੈਚ ਵਿੱਚ ਕਿਲਾ ਰਾਏਪੁਰ ਨੇ ਚਚਰਾੜੀ ਸੈਂਟਰ ਨੂੰ 4-3 ਗੋਲਾਂ ਨਾਲ ਹਰਾਇਆ । ਕਿਲਾ ਰਾਏਪੁਰ ਦਾ ਪ੍ਰਿੰਸ "ਹੀਰੋ ਆਫ ਦਾ ਮੈਚ" ਬਣਿਆ। ਇਸ ਤੋਂ ਇਲਾਵਾ ਜਰਖੜ ਹਾਕੀ ਅਕੈਡਮੀ ਨੇ ਐਚਟੀਸੀ ਸੈਂਟਰ ਰਾਮਪੁਰ ਨੂੰ 8-4 ਗੋਲਾਂ ਨਾਲ ਹਰਾਇਆ । ਜਰਖੜ ਅਕੈਡਮੀ ਦਾ ਅੰਕੁਸ਼ ਕੁਮਾਰ ਡਾਬਰ "ਹੀਰੋ ਆਫ ਦਾ ਮੈਚ" ਬਣਿਆ ਜਦਕਿ ਜੂਨੀਅਰ ਵਰਗ ਦੇ ਆਖਰੀ ਲੀਗ ਮੈਚ ਵਿੱਚ ਨਨਕਾਣਾ ਸਾਹਿਬ ਪਬਲਿਕ ਸਕੂਲ ਰਾਮਪੁਰ ਛੰਨਾ ਨੇ ਰਾਣਾ ਅਕੈਡਮੀ ਹਸਿਆਰਪੁਰ ਨੂੰ 8-6 ਨਾਲ ਹਰਾਇਆ । ਰਾਮਪੁਰ ਦਾ ਪਰਮਿੰਦਰ ਸਿੰਘ "ਹੀਰੋ ਆਫ ਦਾ ਮੈਚ" ਬਣਿਆ। ਅੱਜ ਦੇ ਮੈਚਾਂ ਦੌਰਾਨ ਗੁਰਦੀਪ ਸਿੰਘ ਗਰੇਵਾਲ ਜ਼ਿਲ੍ਹਾ ਖੇਡ ਅਫਸਰ ਮਲੇਰਕੋਟਲਾ, ਪ੍ਰਿੰਸੀਪਲ ਬਲਵੰਤ ਸਿੰਘ ਚੱਕਰ, ਸਾਬਕਾ ਅੰਤਰਰਾਸ਼ਟਰੀ ਵੇਟ ਲਿਫਟਰ ਹਰਦੀਪ ਸਿੰਘ ਸੈਣੀ, ਵਰਿੰਦਰ ਅੱਤਰੀ ਸਾਬਕਾ ਉਪ ਮੰਡਲ ਅਫਸਰ ਨੇ ਮੁੱਖ ਮਹਿਮਾਨ ਵਜੋਂ ਵੱਖ-ਵੱਖ ਮੈਚਾਂ ਵਿੱਚ ਟੀਮਾਂ ਦੇ ਨਾਲ ਜਾਣ ਪਹਿਚਾਣ ਕੀਤੀ। ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਇਸ ਮੌਕੇ ਕੁਲਦੀਪ ਸਿੰਘ ਘਵੱਦੀ, ਮਨਜਿੰਦਰ ਸਿੰਘ ਇਆਲੀ, ਸਾਹਿਬਜੀਤ ਸਿੰਘ ਸਾਬੀ ਜਰਖੜ, ਗੁਰਸਤਿੰਦਰ ਸਿੰਘ ਪ੍ਰਗਟ, ਪਰਮਜੀਤ ਸਿੰਘ ਪੰਮਾ ਗਰੇਵਾਲ, ਅਜੀਤ ਸਿੰਘ ਲਾਦੀਆਂ, ਗੁਰਵਿੰਦਰ ਸਿੰਘ ਕਿਲਾ ਰਾਏਪੁਰ, ਤੇਜਿੰਦਰ ਸਿੰਘ ਜਰਖੜ, ਅਜੀਤਪਾਲ ਸਿੰਘ ਨਾਰੰਗਵਾਲ, ਦਲਵੀਰ ਸਿੰਘ ਜਰਖੜ, ਬਾਬਾ ਰੁਲਦਾ ਸਿੰਘ, ਕੋਚ ਗੁਰਤੇਜ ਸਿੰਘ ਬੋੜਹਾਈ ਅਤੇ ਹੋਰ ਇਲਾਕੇ ਦੀਆਂ ਨਾਮੀ ਸ਼ਖਸੀਅਤਾਂ ਹਾਜ਼ਰ ਸਨ। ਗੁਰਸਤਿੰਦਰ ਸਿੰਘ ਪ੍ਰਗਟ ਨੇ ਦੱਸਿਆ ਕਿ ਓਲੰਪੀਅਨ ਪ੍ਰਿਥੀਪਾਲ ਹਾਕੀ ਫੈਸਟੀਵਲ ਦੇ ਆਖਰੀ ਲੀਗ ਗੇੜ ਦੇ ਮੈਚ 31 ਮਈ ਅਤੇ 1 ਜੂਨ ਨੂੰ ਖੇਡੇ ਜਾਣਗੇ ।

# ਡਾ. ਅੰਬੇਡਕਰ ਫਾਊਂਡੇਸ਼ਨ ਅਤੇ ਸਰਕਾਰ ਵੱਲੋਂ ਚਲਾਈਆਂ ਸਿਹਤ ਸਕੀਮਾਂ ਦਾ ਲਾਭ ਲੋਕ ਪ੍ਰਾਪਤ ਕਰਨ : ਸ੍ਰੀ ਮਨਜੀਤ ਬਾਲੀ

**ਬੰਗਾ (ਚਰਨਜੀਤ ਸੱਲ੍ਹਾਂ)** "ਇਲਾਕਾ ਨਿਵਾਸੀ ਡਾ. ਅੰਬੇਡਕਰ ਫਾਊਂਡੇਸ਼ਨ ਅਤੇ ਭਾਰਤ ਸਰਕਾਰ ਵੱਲੋਂ ਚਲਾਈਆਂ ਸਿਹਤ ਸਕੀਮਾਂ ਦਾ ਲੋਕ ਲਾਭ ਪ੍ਰਾਪਤ ਕਰਨ", ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਡਾ. ਅੰਬੇਡਕਰ ਫਾਊਂਡੇਸ਼ਨ ਸਮਾਜਿਕ ਨਿਆਂ ਅਤੇ ਸ ਸ਼ ਕ ਤੀ ਕ ਰ ਨ ਮੰਤਰਾਲਾ ਭਾਰਤ ਦੇ ਮੈਂਬਰ ਰਹੇ ਸਮਾਜ ਸੇਵਕ ਅਤੇ ਸੀਨੀਅਰ ਭਾਜਪਾ ਆਗੂ ਸ੍ਰੀ ਮਨਜੀਤ ਬਾਲੀ ਨੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਪੁੱਜਣ ਤੇ ਕੀਤਾ। ਇਸ ਮੌਕੇ ਸ੍ਰੀ ਬਾਲੀ ਨੇ ਹਸਪਤਾਲ ਪ੍ਰਬੰਧਕਾਂ ਨੂੰ ਭਾਰਤ ਸਰਕਾਰ ਦੀਆਂ ਲੋਕ ਭਲਾਈ ਸਿਹਤ ਸਕੀਮਾਂ ਸਬੰਧੀ ਜਾਗਰੁਕ ਕਰਦੇ ਦੱਸਿਆ ਕਿ ਡਾ. ਅੰਬੇਡਕਰ ਫਾਊਂਡੇਸ਼ਨ ਵੱਲੋਂ ਐਸ. ਸੀ. ਅਤੇ ਐਸ. ਟੀ. ਵਰਗਾਂ ਦੇ ਗਰੀਬ ਲੋੜਵੰਦ ਮਰੀਜਾਂ ਦੀ ਆਰਥਿਕ ਮਦਦ "ਸਿਹਤ ਸਹਾਇਤਾ ਯੋਜਨਾ" ਤਹਿਤ ਕਰਕੇ ਇਲਾਜ ਮੁਫਤ ਕਰਵਾਏ ਜਾ ਰਹੇ ਹਨ । ਇਸ ਸਕੀਮ ਦਾ ਲਾਭ ਉਹ ਪਰਿਵਾਰ ਲੈ ਸਕਦੇ ਹਨ ਜਿਹਨਾਂ ਦੀ ਆਮਦਨ ਤਿੰਨ ਲੱਖ ਰੁਪਏ ਤੋਂ ਘੱਟ ਹੈ । ਇਸ ਸਿਹਤ ਸਹਾਇਤਾ ਯੋਜਨਾ ਵਿਚ ਦਿਮਾਗ ਦੇ ਅਪਰੇਸ਼ਨ, ਰੀੜ੍ਹ ਦੀ ਹੱਡੀ ਦੇ ਅਪਰੇਸ਼ਨ, ਗੁਰਦਿਆਂ ਦੇ ਡਾਇਲਸਿਸ ਲਈ, ਗੁਰਦਿਆਂ ਦੇ ਟਰਾਂਸਪਲਾਂਟ, ਕੈਂਸਰ ਦੇ ਇਲਾਜ ਲਈ, ਦਿਲ ਦੀਆਂ ਬਿਮਾਰੀਆਂ ਤੋਂ ਇਲਾਵਾ ਹੋਰ ਜਾਨ ਲੇਵਾ ਬਿਮਾਰੀਆਂ ਤੋਂ ਪੀੜ੍ਹਤ ਮਰੀਜ਼ਾਂ ਦੇ ਇਲਾਜ ਲਈ ਫਾਊਂਡੇਸ਼ਨ ਵੱਲੋਂ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ । ਇਸ ਮੌਕੇ ਸ੍ਰੀ ਮਨਜੀਤ ਬਾਲੀ ਨੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਚੱਲ ਰਹੀਆਂ ਉੱਚ ਪੱਧਰੀ ਮੈਡੀਕਲ ਸੇਵਾਵਾਂ ਦੀ ਭਾਰੀ ਸ਼ਲਾਘਾ ਕੀਤੀ । ਉਹਨਾਂ ਆਸ ਪ੍ਰਗਟਾਈ ਕਿ ਹਸਪਤਾਲ ਵਿਖੇ ਸਕੀਮ ਲਾਗੂ ਹੋਣ ਉਪਰੰਤ ਇਲਾਕੇ ਦੇ ਐਸ. ਸੀ. ਅਤੇ ਐਸ. ਟੀ. ਵਰਗ ਦੇ ਮਰੀਜ਼ਾਂ ਨੂੰ ਵੱਡਾ ਲਾਭ ਪ੍ਰਾਪਤ ਹੋਵੇਗਾ । ਇਸ ਤੋਂ ਪਹਿਲਾਂ ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਸ੍ਰੀ ਮਨਜੀਤ ਬਾਲੀ ਦਾ ਢਾਹਾਂ ਕਲੇਰਾਂ ਵਿਖੇ ਪੁੱਜਣ ਤੇ ਨਿੱਘਾ ਸਵਾਗਤ ਕੀਤਾ। ਉਹਨਾਂ ਨੇ ਜਾਣਕਾਰੀ ਦਿੱਤੀ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਭਾਰਤ ਸਰਕਾਰ ਦੀ ਹਸਪਤਾਲਾਂ ਦੀ ਨਿਗਰਾਨ ਸੰਸਥਾ ਨਾਭ ਤੋਂ ਮਾਨਤਾ ਪ੍ਰਾਪਤ ਮਲਟੀਸ਼ਪੈਸ਼ਲਿਟੀ ਹਸਪਤਾਲ ਹੈ। ਸ. ਢਾਹਾਂ ਨੇ ਸ੍ਰੀ ਬਾਲੀ ਦਾ ਭਾਰਤ ਸਰਕਾਰ ਦੀਆਂ ਲੋਕ ਭਲਾਈ ਸਿਹਤ ਸਕੀਮਾਂ ਪ੍ਰਤੀ ਜਾਗਰੂਕ ਕਰਨ ਅਤੇ ਇਹਨਾਂ ਨੂੰ ਹਸਪਤਾਲ ਵਿਖੇ ਲਾਗੂ ਕਰਵਾਉਣ ਸਬੰਧੀ ਕੀਤੇ ਜਾ ਰਹੇ ਉੱਦਮਾਂ ਲਈ ਹਾਰਦਿਕ ਧੰਨਵਾਦ ਕੀਤਾ । ਇਸ ਸਵਾਗਤੀ ਸਮਾਗਮ ਵਿਚ ਜਥੇਦਾਰ ਸਤਨਾਮ ਸਿੰਘ ਲਾਦੀਆਂ, ਪ੍ਰੋ: ਹਰਬੰਸ ਸਿੰਘ ਬੋਲੀਨਾ ਡਾਇਰੈਕਟਰ ਐਜੂਕੇਸ਼ਨ, ਸ੍ਰੀ ਅਭਿਸ਼ੇਕ ਐਸ ਐਚ ਉ ਸਦਰ ਬੰਗਾ, ਡਾ. ਬਲਵਿੰਦਰ ਸਿੰਘ ਡਿਪਟੀ ਮੈਡੀਕਲ ਸੁਪਰਡੈਂਟ, ਸ੍ਰੀ ਰੋਮੀ ਮੌਂਗਾ ਨਾਭ ਕੁਆਰਡੀਨੇਟਰ, ਸ੍ਰੀ ਨਿਰਮਲ ਚਾਹਲ, ਸ੍ਰੀ ਬੰਟੀ ਜੱਸਲ, ਸ੍ਰੀ ਹੰਸ ਰਾਜ ਹੰਸ ਸਰਪੰਚ ਤੱਲਣ੍ਹ, ਸ੍ਰੀ ਹਰਦੀਪ ਜੱਸੀ, ਰਵਿੰਦਰ ਜੱਸਲ, ਮੋਹਿਤ ਕੁਮਾਰ, ਰੋਹਿਤ ਕੁਮਾਰ ਕਨੈਡਾ ਤੋਂ ਇਲਾਵਾ ਹੋਰ ਵੱਖ ਵੱਖ ਸਰਕਾਰੀ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਮੈਂਬਰ ਵੀ ਹਾਜ਼ਰ ਹਨ । ਵਰਨਣਯੋਗ ਹੈ ਕਿ ਸ੍ਰੀ ਮਨਜੀਤ ਬਾਲੀ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ ਦੇ ਡਾਇਰੈਕਟਰ ਐਜੂਕੇਸ਼ਨ ਪ੍ਰੋ: ਹਰਬੰਸ ਸਿੰਘ ਬੋਲੀਨਾ ਦੇ ਵਿਦਿਆਰਥੀ ਰਹੇ ਹਨ ।



**ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਸ੍ਰੀ ਮਨਜੀਤ ਬਾਲੀ ਦਾ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਸਵਾਗਤ ਕਰਦੇ ਹੋਏ ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਅਤੇ ਹੋਰ ਪਤਵੰਤੇ।**

# ਮਾਰਕੀਟ ਕਮੇਟੀ ਗੜ੍ਹਸ਼ੰਕਰ ਅਧੀਨ ਆਉਂਦੀਆਂ ਮੰਡੀਆ ਵਿੱਚ ਕਣਕ ਦੀ ਖਰੀਦ ਮੁਕੰਮਲ : ਚੇਅਰਮੈਨ ਸੈਣੀ

**ਗੜ੍ਹਸ਼ੰਕਰ (ਬਲਵੀਰ ਚੌਪੜਾ)** ਗੜ੍ਹਸ਼ੰਕਰ ਅਧੀਨ ਆਉਂਦੀਆਂ ਮੰਡੀਆ ਵਿਚ ਕਣਕ ਦੀ ਖਰੀਦ ਦਾ ਕੰਮ ਨੇਪਰੇ ਚੜਿਆ ਗਿਆ !ਇਸ ਸਬੰਧੀ ਜਾਣਕਾਰੀ ਦਿੰਦਿਆਂ ਮਾਰਕੀਟ ਕਮੇਟੀ ਗੜ੍ਹਸ਼ੰਕਰ ਦੇ ਚੇਅਰਮੈਨ ਸ. ਬਲਦੀਪ ਸਿੰਘ ਸੈਣੀ ਵਲੋਂ ਗੱਲਬਾਤ ਕਰਦੀਆਂ ਕਿਹਾ ਕਿ ਇਸ ਸਾਲ ਮਾਰਕੀਟ ਗੜ੍ਹਸ਼ੰਕਾਰ ਦੀਆਂ ਮੰਡੀਆ ਵਿਚ 8 ਲੱਖ 32 ਹਜ਼ਾਰ 972 ਕੁਇੰਟਲ ਕਣਕ ਦੀ ਖਰੀਦ ਹੋਈ ਹੈਂ ਮੰਡੀਆ ਵਿਚ ਸਰਕਾਰ ਵਲੋਂ ਕੀਤੇ ਪੁਖਤਾ



ਇੰਤਜਾਮ ਕਰਕੇ ਕਿਸੇ ਵੀ ਜਿਮੀਦਾਰ ਨੂੰ ਆਪਣੀ ਫ਼ਸਲ ਵੇਚਣ ਲਈ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਗਈ ਉਨ੍ਹਾਂ ਵਲੋਂ ਇਹ ਵੀ ਦੱਸਿਆ ਗਿਆ ਕਿ ਇਸ ਸੀਜਨ ਦੌਰਾਨ ਮੰਡੀਆ ਵਿਚ ਖਰੀਦ ਏਜੰਸੀਆਂ ਵਲੋਂ ਜਿਵੈਂ ਪਨਗ੍ਰੇਨ 314499 ਕੁਇੰਟਲ, ਪਨਸਪ 243345 ਕੁਇੰਟਲ, ਮਾਰਕਫੈਡ 154833 ਕੁਇੰਟਲ ਤੇ ਐਫ ਸੀ ਆਈ 120295 ਕੁਇੰਟਲ ਕਣਕ ਦੀ ਖਰੀਦ ਕੀਤੀ ਜਾਂ ਚੁੱਕੀ ਹੈਂ । ਉਨ੍ਹਾਂ ਵਲੋਂ ਇਹ ਵੀ ਦੱਸਿਆ ਗਿਆ ਕਿ ਕਿਸਾਨ ਭਰਾਵਾਂ ਨੂੰ ਉਨ੍ਹਾਂ ਦੀ ਫ਼ਸਲ ਦੀ ਅਦਾਇਗੀ ਵੀ ਕਿਸਾਨਾਂ ਭਰਾਵਾਂ ਦੇ ਖਾਤਿਆਂ ਵਿੱਚ ਪਾ ਦਿੱਤੀ ਗਈ ਹੈ!

# ਮਲਿਕ ਸਾਹਿਬ ਜੋਤ ਜੀ ਮਹਾਰਾਜ ਨੇ ਖੁਦ ਅੱਖਾਂ ਦਾਨ ਕਰਨ ਦੀ ਪੁਸ਼ਟੀ ਕੀਤੀ ਅਤੇ ਦੂਜਿਆਂ ਲਈ ਪ੍ਰੇਰਨਾ ਬਣ ਕੇ ਸੇਵਾ ਨਿਭਾਈ: ਸਰੋਤ - ਸੰਜੀਵ ਅਰੋੜਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਰੋਟਰੀ ਆਈ ਬੈਂਕ ਅਤੇ ਕੌਰਨੀਅਲ ਟ੍ਰਾਂਸਪਲਾਂਟੇਸ਼ਨ ਸੋਸਾਇਟੀ (ਰਜਿ. ਅੱਖਾਂ ਦਾਨ ਜਾਗਰੂਕਤਾ ਫਲੈਕਸ ਬੋਰਡ ਦੇ ਮੁਖੀ ਸੰਜੀਵ ਅਰੋੜਾ ਪਿੰਡ ਕਾਂਟੀਆ ਵਿੱਚ। ਜਿਸਨੂੰ ਮਲਿਕ ਸਾਹਿਬ ਜੋਤ ਜੀ ਮਹਾਰਾਜ ਨੇ ਅਧਿਕਾਰਤ ਤੌਰ 'ਤੇ ਰਿਲੀਜ਼ ਕੀਤਾ ਅਤੇ ਅੱਖਾਂ ਦੇ ਦਾਨ ਨਾਲ ਸਬੰਧਤ ਸਮਾਜ ਬਾਰੇ ਜਾਗਰੂਕ ਵੀ ਕੀਤਾ। ਇਸ ਮੌਕੇ ਮਲਿਕ ਸਾਹਿਬ ਜੋਤ ਜੀ ਮਹਾਰਾਜ ਨੇ ਸੰਗਤ ਨੂੰ ਅਪੀਲ ਕੀਤੀ ਕਿ ਉਹ ਅੱਖਾਂ ਦੇ ਦਾਨ ਨੂੰ ਜੀਵਨ ਦਾ ਅਨਿੱਖੜਵਾਂ ਅੰਗ ਬਣਾਉਣ ਤਾਂ ਜੋ ਜਿਹੜੇ ਲੋਕ ਹਨੇਰੀ ਜ਼ਿੰਦਗੀ ਜੀ ਰਹੇ ਹਨ, ਉਹ ਵੀ ਰੌਸ਼ਨੀ ਪ੍ਰਾਪਤ ਕਰ ਸਕਣ ਅਤੇ ਪਰਮਾਤਮਾ ਦੁਆਰਾ ਬਣਾਈ ਗਈ ਇਸ ਸੁੰਦਰ ਦੁਨੀਆਂ ਨੂੰ ਦੇਖ ਸਕਣ ਅਤੇ ਮਲਿਕ ਸਾਹਿਬ ਜੋਤ ਜੀ ਮਹਾਰਾਜ ਨੇ ਸੰਗਤ ਨੂੰ ਅਪੀਲ ਕੀਤੀ ਕਿ ਉਨ੍ਹਾਂ ਦਾ ਸੁਪਨਾ ਹੈ ਕਿ ਦੁਨੀਆ ਵਿੱਚ ਕੋਈ ਵੀ ਕੌਰਨੀਅਲ ਅੰਨ੍ਹੇਪਣ ਤੋਂ ਪੀੜਤ ਨਾ ਹੋਵੇ, ਇਸ ਲਈ ਉਨ੍ਹਾਂ ਨੇ ਇਹ ਪ੍ਰਣ ਲਿਆ ਹੈ ਅਤੇ ਆਪਣਾ ਅੱਖਾਂ ਦਾਨ ਦਾਨ ਦਾ ਪ੍ਰਣ ਪੱਤਰ ਭਰਿਆ ਹੈ ਅਤੇ ਉਨ੍ਹਾਂ ਨੇ ਸੰਗਤ ਨੂੰ ਅਪੀਲ ਕੀਤੀ ਹੈ ਕਿ ਉਹ ਵੀ ਅੱਖਾਂ ਦਾਨ ਦਾ ਪ੍ਰਣ ਪੱਤਰ ਭਰ ਕੇ ਪੁੰਨ ਦਾ ਹਿੱਸਾ ਬਣਨ।



ਇਸ ਮੌਕੇ ਪ੍ਰਧਾਨ ਸੰਜੀਵ ਅਰੋੜਾ ਅਤੇ ਜੇ. ਬੀ. ਬਹਿਲ ਨੇ ਕਿਹਾ ਕਿ ਜੇਕਰ ਕਿਸੇ ਪਿਆਰੇ ਦੀ ਮੌਤ ਹੋ ਜਾਂਦੀ ਹੈ, ਤਾਂ ਅੱਖਾਂ 6 ਤੋਂ 8 ਘੰਟੇ ਜ਼ਿੰਦਾ ਰਹਿੰਦੀਆਂ ਹਨ ਅਤੇ ਜਿਨ੍ਹਾਂ ਨੇ ਅੱਖਾਂ ਦਾਨ ਸਰਟੀਫਿਕੇਟ ਭਰੇ ਹਨ, ਉਹ ਅੱਖਾਂ ਦੇ ਦਾਨ ਸੰਬੰਧੀ ਸੰਸਥਾ ਦੇ ਕਿਸੇ ਵੀ ਮੈਂਬਰ ਨਾਲ ਸੰਪਰਕ ਕਰ ਸਕਦੇ ਹਨ ਅਤੇ ਜਿਨ੍ਹਾਂ ਨੇ ਹਲਫਨਾਮਾ ਨਹੀਂ ਭਰਿਆ ਹੈ, ਉਹ ਵੀ ਅੱਖਾਂ ਦਾਨ ਕਰ ਸਕਦੇ ਹਨ ਅਤੇ ਸ੍ਰੀ ਅਰੋੜਾ ਨੇ ਕਿਹਾ ਕਿ ਸੂਚਨਾ ਮਿਲਣ 'ਤੇ ਸੁਸਾਇਟੀ ਦੀ ਟੀਮ ਮਾਹਰ ਡਾਕਟਰਾਂ ਨੂੰ ਉਨ੍ਹਾਂ ਦੇ ਘਰ ਲੈ ਜਾਂਦੀ ਹੈ ਜਿੱਥੇ ਮ੍ਰਿਤਕਾਂ ਨੂੰ ਰੱਖਿਆ ਗਿਆ ਹੈ ਅਤੇ ਅੱਖਾਂ ਦਾਨ ਕਰਦੇ ਹਨ। ਇਸ ਪ੍ਰਕਿਰਿਆ ਵਿੱਚ ਸਿਰਫ਼ 15 ਤੋਂ 20 ਮਿੰਟ ਲੱਗਦੇ ਹਨ। ਸ੍ਰੀ ਅਰੋੜਾ ਨੇ ਕਿਹਾ ਕਿ ਜੇਕਰ ਤੁਹਾਨੂੰ ਆਪਣੇ ਆਲੇ-ਦੁਆਲੇ ਕੌਰਨੀਅਲ ਅੰਨ੍ਹੇਪਣ ਤੋਂ ਪੀੜਤ ਕੋਈ ਵੀ ਵਿਅਕਤੀ ਮਿਲਦਾ ਹੈ ਤਾਂ ਉਨ੍ਹਾਂ ਨੂੰ ਤੁਰੰਤ ਸੁਸਾਇਟੀ ਨਾਲ ਸੰਪਰਕ ਕਰਨ ਲਈ ਕਹੋ ਤਾਂ ਜੋ ਸਮੇਂ ਸਿਰ ਨਵੀਂ ਅੱਖ ਲੱਗ ਸਕੇ ਅਤੇ ਅਰੋੜਾ ਨੇ ਕਿਹਾ ਕਿ ਕਿਸੇ ਤੋਂ ਕੋਈ ਪੈਸਾ ਨਹੀਂ ਲਿਆ ਜਾਂਦਾ। ਇਹ ਸੇਵਾ ਬਿਲਕੁਲ ਮੁਫ਼ਤ ਕੀਤੀ ਜਾਂਦੀ ਹੈ ਤਾਂ ਜੋ ਕੋਈ ਵੀ ਵਿਅਕਤੀ ਪੈਸੇ ਦੀ ਘਾਟ ਕਾਰਨ ਰੌਸ਼ਨੀ ਤੋਂ ਵਾਂਝਾ ਨਾ ਰਹੇ। ਸ੍ਰੀ ਅਰੋੜਾ ਨੇ ਦੱਸਿਆ ਕਿ ਸੁਸਾਇਟੀ ਨੂੰ ਕਾਂਤੀਆ ਦਰਬਾਰ ਵਿੱਚ ਰੱਖਿਆ ਗਿਆ ਹੈ। ਜੋ ਲੋਕ ਅੱਖਾਂ ਦਾਨ ਕਰਨਾ ਚਾਹੁੰਦੇ ਹਨ ਉਹ ਉੱਥੇ ਆਪਣਾ ਹਲਫ਼ਨਾਮਾ ਭਰ ਸਕਦੇ ਹਨ ਅਤੇ ਪੁੰਨ ਦਾ ਹਿੱਸਾ ਬਣ ਸਕਦੇ ਹਨ। ਇਸ ਮੌਕੇ ਸਕੱਤਰ ਵੀਨਾ ਚੋਪੜਾ, ਪ੍ਰੋ. ਦਲਜੀਤ ਸਿੰਘ, ਅਸ਼ਵਨੀ ਕੁਮਾਰ ਦੱਤਾ, ਰਾਮਿੰਦਰ ਸਿੰਘ, ਦਿਲਾਵਰ, ਡਾ. ਪਰਮਿੰਦਰ, ਤੇਜਿੰਦਰ ਪਾਲ ਸਿੰਘ ਬਾਜਵਾ, ਬਲਵੀਰ ਚੰਦ, ਅਨਵਰ ਕੁਮਾਰ ਅਤੇ ਹੋਰ ਮੌਜੂਦ ਸਨ।

# ਸਾਈਂ ਫ਼ਕੀਰੇ ਸ਼ਾਹ ਦੀ ਦਾ "ਮੇਲਾ ਖੋਜਕੀਪੁਰ ਦਾ" ਸ਼ਾਨੋ ਸ਼ੌਕਤ ਨਾਲ ਸੰਪੰਨ

## ਸੂਫ਼ੀਆਨਾ ਕਵਾਲਾਂ ਅਤੇ ਵੱਖ ਵੱਖ ਗਾਇਕਾਂ ਨੇ ਸਜਾਈ ਸੱਭਿਆਚਾਰ ਸਟੇਜ

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)**-ਧੰਨ ਧੰਨ ਸਾਈਂ ਬਾਬਾ ਫ਼ਕੀਰੇ ਸ਼ਾਹ ਜੀ ਦਾ 21ਵਾਂ ਸਲਾਨਾ ਛਿੰਝ ਅਤੇ ਸੱਭਿਆਚਾਰਕ ਜੋੜ ਮੇਲਾ ਪਿੰਡ ਖੋਜਕੀਪੁਰ ( ਸਲਾਲਾ ) ਆਦਮਪੁਰ ਭੋਗਪੁਰ ਜੀ ਟੀ ਰੋਡ ਜ਼ਿਲ੍ਹਾ ਜਲੰਧਰ ਵਿਖੇ ਹਰ ਸਾਲ ਦੀ ਤਰ੍ਹਾਂ ਸ਼ਾਨੋ ਸ਼ੌਕਤ ਨਾਲ ਕਰਵਾਇਆ ਗਿਆ, ਜੋ ਆਉਣ ਵਾਲੇ ਵਰ੍ਹੇ ਲਈ ਖੱਟੀਆਂ ਮਿੱਟੀਆਂ ਯਾਦਾਂ ਛੱਡਦਾ ਸਫ਼ਲਤਾ ਪੂਰਵਕ ਸੰਪਨ ਹੋ ਗਿਆ । ਇਹ ਦੋ ਦਿਨਾਂ ਸਲਾਨਾ ਜੋੜ ਮੇਲਾ ਜਿਸ ਵਿੱਚ ਕਵਾਲੀਆਂ, ਡਰਾਮਾ, ਨ ਕ ਲ ਾਂ , ਸੱਭਿਆਚਾਰਕ ਸਟੇਜ, ਪਹਿਲਵਾਨਾਂ ਦੇ ਅਖਾੜੇ ਵਿੱਚ ਹੋਈਆਂ ਪਟਕੇ ਦੀਆਂ ਕੁਸ਼ਤੀਆਂ ਆਦਿ ਦੀਆਂ ਵੱਖ ਵੱਖ ਵੰਨਗੀਆਂ ਦੀ ਪੇਸ਼ਕਾਰੀ ਸੀ, ਸਾਈਂ ਲੱਕੀ ਸ਼ਾਹ ਜੀ ਦੀ ਸਰਪ੍ਰਸਤੀ ਹੇਠ ਹਰ ਸਾਲ ਦੀ ਤਰ੍ਹਾਂ ਕਰਵਾਇਆ ਗਿਆ । ਇਸ ਮੇਲੇ ਦੀਆਂ ਪ੍ਰਮੁੱਖ ਰਸਮਾਂ ਨੂੰ ਧਾਰਮਿਕ ਰੀਤੀ ਰਿਵਾਜਾਂ ਸਹਿਤ ਇਲਾਕੇ ਭਰ ਦੇ ਸਾਧੂ, ਸੰਤ, ਫਕੀਰਾਂ ਅਤੇ ਮਹਾਂਪੁਰਸ਼ਾਂ ਵਲੋਂ ਸਾਂਝੇ ਰੂਪ ਵਿੱਚ ਅਦਾ ਕੀਤਾ ਗਿਆ । ਸ਼ਾਮ ਵੇਲੇ ਸਿਰਕੱਢ ਚੋਟੀ ਦੇ ਪਹਿਲਵਾਨਾਂ ਵਿੱਚ ਕੁਸ਼ਤੀ ਦੰਗਲ ਹੋਏ, ਜਿਨ੍ਹਾਂ ਨੂੰ ਸ਼ਾਨਦਾਰ ਇਨਾਮ ਤੇ ਨਗਦੀ



ਨਾਲ ਸਨਮਾਨਿਤ ਕੀਤਾ ਗਿਆ ।ਕੁਸ਼ਤੀ ਦਾ ਪਹਿਲਾ ਇਨਾਮ ਸਪਲੈਂਡਰ ਮੋਟਰਸਾਈਕਲ ਅਤੇ ਦੂਸਰਾ ਇਨਾਮ 41000 ਦੀ ਨਗਦੀ ਦਾ ਦਿੱਤਾ ਗਿਆ । ਰਾਤ ਨੂੰ ਡਰਾਮਾ ਹੀਰ ਰਾਂਝਾ ਧਰਮਵੀਰ ਪਰਦੇਸੀ ਐਂਡ ਪਾਰਟੀ ਵਲੋਂ ਖੇਡਿਆ ਗਿਆ । ਇਸ ਮੇਲੇ ਵਿੱਚ ਵਿਸ਼ੇਸ਼ ਤੌਰ ਤੇ ਗਾਇਕ ਅਤੇ ਕਵਾਲ ਪਰਵੇਜ਼ ਆਲਮ, ਦਲਵਿੰਦਰ ਦਿਆਲਪੁਰੀ , ਆਸ਼ੂ ਚੋਪੜਾ, ਸਰਬਜੀਤ ਸਹੋਤਾ, ਨੂਰ ਸਾਈਂ , ਦੀਪਾ ਮਿਊਂਵਾਲ, ਬਲਵਿੰਦਰ ਸੋਨੂ, ਲਵੀ ਚੌਹਾਨ, ਗੌਰਵ ਥਾਪਰ, ਸਨੀ ਸਾਹਿਬ, ਰੇਸ਼ਮ ਭੱਟੀ, ਤਰਲੋਚਨ ਬੱਧਣ ਸਮੇਤ ਕਈ ਹੋਰ ਕਲਾਕਾਰਾਂ ਆਪਣੀ ਹਾਜ਼ਰੀ ਭਰੀ ਅਤੇ ਆਪਣੇ ਨਵੇਂ ਪੁਰਾਣੇ ਗੀਤਾਂ ਨਾਲ ਸਰੋਤਿਆਂ ਨੂੰ ਸ਼ਰਸ਼ਾਰ ਕੀਤਾ। ਮੇਲੇ ਵਿੱਚ ਵਿਸ਼ੇਸ਼ ਤੌਰ ਤੇ ਬਾਬਾ ਪ੍ਰਿਥੀ ਸਿੰਘ ਬਾਲੀ ਸ਼ਾਮ ਚੁਰਾਸੀ, ਸਾਈਂ ਮਧੂ ਜੀ ਜਲੰਧਰ, ਕੁੱਲੇ ਵਾਲੀ ਸਰਕਾਰ ਦਰਵੇਸ਼ ਪਿੰਡ ਫਗਵਾੜਾ ,ਬਾਬਾ ਬਲਵੰਤ ਸਿੰਘ ਜੀ ਡੀਂਗਰੀਆਂ , ਬਲਵਿੰਦਰ ਸੋਹਲ ਭੋਗਪੁਰ ਸਮੇਤ ਕਈ ਹੋਰ ਸੰਤ ਫ਼ਕੀਰ ਦੇ ਇਲਾਕੇ ਦੀਆਂ ਸ਼ਖਸੀਅਤਾਂ ਨੂੰ ਹਾਜ਼ਰੀ ਭਰਨ ਤੇ ਸਿਰਪਾਓ ਦੇ ਕੇ ਸਾਈਂ ਲੱਕੀ ਸ਼ਾਹ ਜੀ ਵਲੋਂ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਵੱਖ ਵੱਖ ਗਾਇਕਾਂ ਜਿਨ੍ਹਾਂ ਨੇ ਇਸ ਮੇਲੇ ਵਿੱਚ ਸ਼ਿਰਕਤ ਕੀਤੀ ਨੂੰ ਵੀ ਸਨਮਾਨ ਚਿੰਨ੍ਹ ਦੇ ਕੇ ਸਤਿਕ-ਾਰ ਸਨਮਾਨ ਦਿੱਤਾ ਗਿਆ । ਵਿਸ਼ੇਸ਼ ਤੌਰ ਤੇ ਲਾਡੀ ਸੰਧੂ ਕਨੇਡਾ , ਬੌਬੀ ਨਾਜਕਾ ਧਰੂੱਬ ਹੌਲੀਡੇ ਡੀਂਗਰੀਆਂ ਅਤੇ ਮੇਲੇ ਦੇ ਹੋਰ ਅਹਿਮ ਸਹਿਯੋਗੀਆਂ ਨੂੰ ਵੀ ਬਾਬਾ ਜੀ ਵਲੋਂ ਸਨਮਾਨਿਤ ਕੀਤਾ ਗਿਆ । ਅੰਤ ਵਿੱਚ ਸਾਈਂ ਲੱਕੀ ਸ਼ਾਹ ਜੀ ਨੇ ਸਾਰੇ ਹੀ ਸਹਿਯੋਗੀ ਸੱਜਣਾਂ ਦਾ ਤੇ ਸੰਗਤਾਂ ਦਾ ਧੰਨਵਾਦ ਕੀਤਾ , ਜਿਨ੍ਹਾਂ ਨੇ ਮੇਲੇ ਵਿੱਚ ਚਾਰ ਚੰਨ ਲਾਏ ਅਤੇ ਆਪਣਾ ਕੀਮਤੀ ਸਹਿਯੋਗ ਦੇ ਕੇ ਇਸ ਮੇਲੇ ਨੂੰ ਕਾਮਯਾਬ ਕੀਤਾ।

# ਸਰਵ ਸਾਂਝਾਂ ਮੰਚ ਵਲੋਂ ਭਾਰਤੀ ਸੈਨਾ ਦੇ ਸਨਮਾਨ ਵਿੱਚ ਤਿਰੰਗਾ ਯਾਤਰਾ ਕੱਢੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਰਵ ਸਾਂਝਾ ਮੰਚ ਵੱਲੋਂ ਪਰਸ਼ੂਰਾਮ ਸੈਨਾ ਦੇ ਸੂਬਾ ਪ੍ਰਧਾਨ ਆਸ਼ੂਤੋਸ਼ ਸ਼ਰਮਾ ਦੀ ਅਗਵਾਈ ਹੇਠ ਆਪ੍ਰੇਸ਼ਨ ਸਿੰਦੂਰ ਅਤੇ ਭਾਰਤੀ ਫੌਜ ਦੀ ਬਹਾਦਰੀ ਦੇ ਸਨਮਾਨ ਵਿੱਚ ਤਿਰੰਗਾ ਯਾਤਰਾ ਕੱਢੀ ਗਈ। ਆਸ਼ੂਤੋਸ਼ ਨੇ ਦੱਸਿਆ ਕਿ ਜਲੂਸ ਵਿੱਚ 180 ਫੁੱਟ ਲੰਬਾ ਤਿਰੰਗਾ ਆਪ੍ਰੇਸ਼ਨ ਸਿੰਦੂਰ ਵਿੱਚ ਫੌਜ ਦੀ ਬਹਾਦਰੀ ਅਤੇ ਬਹਾਦਰੀ ਨੂੰ ਸਮਰਪਿਤ ਸੀ ਅਤੇ ਆਪ੍ਰੇਸ਼ਨ ਸਿੰਦੂਰ ਬਾਰੇ ਮੀਡੀਆ ਬ੍ਰੀਫਿੰਗ ਦੇਣ ਵਾਲਾ ਮੁੱਖ ਵਿਅਕਤੀ ਸਾਡੀ ਫੌਜ ਵਿੱਚ ਹਵਾਈ ਸੈਨਾ ਦਾ ਪਾਇਲਟ ਸੀ। ਵਿੰਗ ਕਮਾਂਡਰ ਵਿਓਮਿਕਾ ਸਿੰਘ ਅਤੇ ਕਰਨਲ ਸੋਫੀਆ ਕੁਰੈਸ਼ੀ ਦੀ ਝਾਕੀ ਦੇਸ਼ ਦੇ ਬਹਾਦਰ ਪੁਰਸ਼ਾਂ ਅਤੇ ਔਰਤਾਂ ਲਈ ਖਿੱਚ ਦਾ ਕੇਂਦਰ ਸੀ। ਯਾਤਰਾ ਦੌਰਾਨ, ਸ਼ਹਿਰ ਭਾਰਤ ਮਾਤਾ ਕੀ ਜੈ, ਵੰਦੇ ਮਾਤਰਮ, ਭਾਰਤੀ ਫੌਜ, ਹਵਾਈ ਫੌਜ, ਜਲ ਸੈਨਾ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਗੂੰਜ ਉੱਠਿਆ। ਹੋਲੀ ਹਾਰਟ ਜੂਨੀਅਰ ਸਕੂਲ ਅਤੇ ਵਿਦਿਆ ਮੰਦਿਰ ਸਕੂਲ, ਐਸ. ਏ.ਵੀ. ਜੈਨ ਦੇਬੋਰਹਿੰਗ ਸਕੂਲ ਦੇ ਸੈਂਕੜੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਤਿਰੰਗਾ ਯਾਤਰਾ ਵਿੱਚ ਆਪਣੇ ਹੱਥਾਂ ਵਿੱਚ ਤਿਰੰਗਾ ਫੜ ਕੇ ਫੌਜ



ਪ੍ਰਤੀ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ। ਹੋਲੀ ਹਾਰਟ ਜੂਨੀਅਰ ਸਕੂਲ ਤੋਂ ਰਿਸ਼ਮਾ ਅਰੋੜਾ ਨੇ ਕਿਹਾ ਕਿ ਸਾਰੇ ਭਾਰਤੀਆਂ ਨੂੰ ਸਾਡੀ ਭਾਰਤੀ ਫੌਜ 'ਤੇ ਮਾਣ ਹੈ ਅਤੇ ਤਿਰੰਗਾ ਯਾਤਰਾ ਦੇਸ਼ ਵਾਸੀਆਂ ਨੂੰ ਫੌਜ ਪ੍ਰਤੀ ਜਾਣੂ ਕਰਵਾਉਂਦੀ ਹੈ। ਇਸ ਤੋਂ ਇਲਾਵਾ, ਅੱਜ ਦੀ ਯਾਤਰਾ ਨੇ ਸਕੂਲੀ ਬੱਚਿਆਂ 'ਤੇ ਬਹੁਤ ਪ੍ਰਭਾਵ ਪਾਇਆ ਹੈ। ਇਸਨੇ ਵਿੰਗ ਕਮਾਂਡਰ ਵਿਓਮਿਕਾ ਸਿੰਘ ਅਤੇ ਕਰਨਲ ਸੋਫੀਆ ਬਣਨ ਦੀ ਇੱਛਾ ਜਗਾਈ। ਪਰਸ਼ੂਰਾਮ ਸੈਨਾ ਦੇ ਸੂਬਾ ਪ੍ਰਧਾਨ ਆਸ਼ੂਤੋਸ਼ ਸ਼ਰਮਾ ਨੇ ਕਿਹਾ ਕਿ ਤਿਰੰਗਾ ਯਾਤਰਾ ਵਿੱਚ ਹੁਸ਼ਿਆਰਪੁਰ ਸ਼ਹਿਰ ਦੇ ਧਾਰਮਿਕ ਅਤੇ ਸਮਾਜਿਕ ਸੰਗਠਨਾਂ ਸਮੇਤ ਵੱਖ-ਵੱਖ ਸਕੂਲਾਂ ਦੇ ਨੌਜਵਾਨ ਮੁੰਡੇ-ਕੁੜੀਆਂ ਨੇ ਹਿੱਸਾ ਲਿਆ। ਇਸ ਜਲੂਸ ਵਿੱਚ 180 ਫੁੱਟ ਲੰਬਾ ਤਿਰੰਗਾ ਸੀ ਜੋ ਸਾਡੀ ਭਾਰਤੀ ਫੌਜ ਦੀ ਬਹਾਦਰੀ ਨੂੰ ਸਮਰਪਿਤ ਹੋਵੇਗਾ। ਇਹ ਯਾਤਰਾ ਕੇਸ਼ੋ ਮੰਦਿਰ ਤੋਂ ਸ਼ੁਰੂ ਹੋ ਕੇ ਕਮੇਟੀ ਬਾਜ਼ਾਰ, ਗੋਰਾ ਗੇਟ, ਘੰਟਾ ਘਰ, ਰੇਲਵੇ ਰੋਡ, ਸਿੰਘ ਸਭਾ ਗੁਰਦੁਆਰਾ, ਸੈਸ਼ਨ ਚੌਕ, ਗ੍ਰੀਨਵਿਊ ਪਾਰਕ ਨੇੜੇ ਪਰਸ਼ੂਰਾਮ ਚੌਕ ਤੋਂ ਹੁੰਦੀ ਹੋਈ ਸ਼ਹੀਦ ਸਮਾਰਕ 'ਤੇ ਆਰਾਮ ਕੀਤਾ। ਇਸ ਯਾਤਰਾ ਦਾ ਮੁੱਖ ਉਦੇਸ਼ ਆਪ੍ਰੇਸ਼ਨ ਸਿੰਦੂਰ ਵਿੱਚ ਫੌਜ ਦੀ ਬਹਾਦਰੀ ਨੂੰ ਲੋਕਾਂ ਵਿੱਚ ਫੈਲਾਉਣਾ ਅਤੇ ਨੌਜਵਾਨਾਂ ਨੂੰ ਫੌਜ ਦੀ ਬਹਾਦਰੀ ਤੋਂ ਜਾਣੂ ਕਰਵਾਉਣਾ ਸੀ। ਪਹਿਲਗਾਮ ਵਿੱਚ ਹੋਏ ਹਮਲੇ ਵਿੱਚ, ਅੱਤਵਾਦੀਆਂ ਨੇ ਸਾਡੀਆਂ ਭੈਣਾਂ ਅਤੇ ਧੀਆਂ ਦੇ ਸਿੰਦੂਰ ਨਸ਼ਟ ਕਰ ਦਿੱਤੇ ਸਨ। ਸਾਡੇ ਬਹਾਦਰ ਸੈਨਿਕਾਂ ਨੇ ਆਪ੍ਰੇਸ਼ਨ ਸਿੰਦੂਰ ਰਾਹੀਂ ਇਸਦਾ ਬਦਲਾ ਲਿਆ। ਅਮਿਤ ਸ਼ਰਮਾ ਨੇ ਦੱਸਿਆ ਕਿ ਝਾਂਕੀ ਵਿੱਚ ਮ੍ਰਿਦੂ ਸ਼ਰਮਾ, ਕਰਨਲ ਸੋਫੀਆ ਕੁਰੈਸ਼ੀ ਅਤੇ ਮਨਰੂਹਬਾਨ ਵਿੰਗ ਕਮਾਂਡਰ ਵਿਓਮਿਕਾ ਸਿੰਘ ਦੀ ਭੂਮਿਕਾ ਨਿਭਾਈ ਗਈ ਸੀ ਅਤੇ ਭਾਰਤ ਮਾਤਾ ਦੀ ਭੂਮਿਕਾ ਆਸਟ੍ਰੇਲੀਆਈ ਨਾਗਰਿਕ ਆਰਾਧਿਆ ਨੇ ਨਿਭਾਈ ਸੀ। ਰਾਜਿੰਦਰ ਰਾਣਾ ਨੇ ਕਿਹਾ ਕਿ ਸਿਰਫ਼ ਤਿੰਨ ਦਿਨਾਂ ਵਿੱਚ ਦੁਸ਼ਮਣ ਨੂੰ ਗੋਡੇ ਟੇਕਣ ਲਈ ਮਜਬੂਰ ਕਰ ਦਿੱਤਾ ਗਿਆ। ਦੇਸ਼ ਦਾ ਹਰ ਨਾਗਰਿਕ ਆਪ੍ਰੇਸ਼ਨ ਸਿੰਦੂਰ ਦੀ ਸਫਲਤਾ ਤੋਂ ਉਤਸ਼ਾਹਿਤ ਹੈ। ਸਾਨੂੰ ਆਪਣੇ ਬਹਾਦਰ ਸੈਨਿਕਾਂ 'ਤੇ ਮਾਣ ਹੈ।


## ਸਾਥ ਜਾਂ ਸਬਕ

ਤਕੜਿਆਂ ਲਈ ਕਈ ਕਾਰਨਾਮੇ
ਮਸ਼ਹੂਰੀ ਹੁੰਦੇ ਨੇ ।
ਕਈ ਕੰਮ ਮਾੜੂ ਬੰਦਿਆਂ ਲਈ
ਮਜ਼ਬੂਰੀ ਹੁੰਦੇ ਨੇ ।
ਚੰਗੇ ਬੰਦੇ ਸਾਥ ਦੇਣ ਤੇ ਮਾੜੇ
ਸਬਕ ਸਿਖਾ ਦਿੰਦੇ ;
ਦੋਵੇਂ ਹੀ ਜ਼ਿੰਦਗੀ ਵਿੱਚ ਬੜੇ
ਜ਼ਰੂਰੀ ਹੁੰਦੇ ਨੇ ।



ਮੂਲ ਚੰਦ ਸ਼ਰਮਾ
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜ਼ਿਲ੍ਹਾ ਸੰਗਰੂਰ।
9914836037

## ਗ਼ਜ਼ਲ




ਕਦੇ ਵੀ ਹਰ ਨਹੀਂ ਸਕਦਾ, ਸਵਾ ਲੱਖ ਹੋ ਗਿਆ ਬੰਦਾ।
ਕਿਸੇ ਤੋਂ ਡਰ ਨਹੀਂ ਸਕਦਾ, ਸਵਾ ਲੱਖ ਹੋ ਗਿਆ ਬੰਦਾ।
ਖੜ੍ਹੇ ਉਹ ਆਰਿਆਂ ਥੱਲੇ, ਚੜ੍ਹੇ ਉਹ ਚਰਖੜੀ ਉੱਤੇ,
ਗ਼ੁਲਾਮੀ ਜਰ ਨਹੀਂ ਸਕਦਾ, ਸਵਾ ਲੱਖ ਹੋ ਗਿਆ ਬੰਦਾ।
ਉਠਾਇਐ ਕਦਮ ਜਦ-ਜਦ ਵੀ, ਉਦੋਂ ਨੇ ਅਟਕ ਵੀ ਅਟਕੇ,
ਪਿਛਾਹਾਂ ਧਰ ਨਹੀਂ ਸਕਦਾ, ਸਵਾ ਲੱਖ ਹੋ ਗਿਆ ਬੰਦਾ।
ਤਲੀ 'ਤੇ ਸੀਸ ਨੂੰ ਧਰ ਕੇ, ਰਣਾਂ ਵਿੱਚ ਜੂਝਦੈ ਜਿਹੜਾ,
ਜ਼ਲਾਲਤ ਜਰ ਨਹੀਂ ਸਕਦਾ, ਸਵਾ ਲੱਖ ਹੋ ਗਿਆ ਬੰਦਾ।
ਜਦੋਂ ਸ਼ੁਭ ਕਰਮ ਦੀ ਆਦਤ, ਸੁਭਾਅ ਦਾ ਅੰਗ ਬਣ ਜਾਵੇ,
ਕਦੇ ਵੀ ਟਰ ਨਹੀਂ ਸਕਦਾ, ਸਵਾ ਲੱਖ ਹੋ ਗਿਆ ਬੰਦਾ।
ਮਰੇ ਤਾਂ ਅਮਰ ਹੋ ਜਾਵੇ, ਸਲਾਮਾਂ ਹੋਣ ਜਿਉਂਦੇ ਨੂੰ,
ਕਿ ਜਿਉਂਦਾ ਮਰ ਨਹੀਂ ਸਕਦਾ, ਸਵਾ ਲੱਖ ਹੋ ਗਿਆ ਬੰਦਾ।
ਨਸਾਂ ਵਿੱਚ ਖੌਲਦੈ 'ਜ਼ਖ਼ਮੀ', ਲਹੂ ਲਲਕਾਰਿਆ ਹੋਇਆ,
ਕਿਵੇਂ ਵੀ ਡਰ ਨਹੀਂ ਸਕਦਾ, ਸਵਾ ਲੱਖ ਹੋ ਗਿਆ ਬੰਦਾ।

ਕਰਮ ਸਿੰਘ ਜ਼ਖ਼ਮੀ
ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:)
ਸੰਪਰਕ: 98146-28027

## ਗਰਭ-ਜੂਨ

ਸਭੇ ਵਿਅਰਥ ਕਿਤਾਬਚੇ,
ਬੇਮਤਲਬ. ਬਿਨ ਗਿਆਨ।
ਵੇਲੇ ਦੀ ਕੀਮਤ ਗਈ,
ਸਿਆਹੀ ਦਾ ਨੁਕਸਾਨ।
ਮੱਕਾ ਨੇੜੇ ਆ ਗਿਆ,
ਹਾਜੀ ਪਾਉਂਦੇ ਸ਼ੋਰ।
ਮੈਂ ਰਾਹਾਂ ਵਿੱਚ ਭਟਕਦੀ,
ਨੈਣਾਂ ਤੋਂ ਕਮਜ਼ੋਰ।
ਜਿਸ ਦੀ ਇੱਕ ਨੁਹਾਰ ਦੀ,
ਸਦੀਆਂ ਤੋਂ ਹੈ ਭਾਲ਼।
ਖ਼ਬਰੇ ਮੇਰੇ ਚਿੱਤ ਦੀ,
ਓਹੀ ਕਰੇ ਸੰਭਾਲ਼।
ਰੋਸ਼ਨੀਆਂ ਦੀ ਪੰਡ ਸਾਂ,
ਗਈ ਹਨੇਰੇ ਡੁੱਲ੍ਹ।
ਚੰਮ ਤਾਂ ਢੇਰੀ ਖ਼ਾਕ ਦੀ,
ਕੀ ਹੱਡਾਂ ਦੇ ਮੁੱਲ?
ਰੰਗ ਦੀ ਚੂਲੀ ਡੋਲ੍ਹ ਕੇ,
ਰੂਹ ਮੇਰੀ ਨੂੰ ਰੰਗ।
ਮੈਂ ਤਾਂ ਪੱਤੀ ਫੁੱਲ ਦੀ,
ਲੋਕੀਂ ਆਖਣ ਸੰਗ।
ਹਿੰਦੂ, ਮੁਸਲਿਮ ਦੋ ਜਣੇ,
ਇੱਕ ਦਰਗਾਹੇ ਢਹਿਣ।
ਜਾਣ ਖਿਡੌਣਾ ਰੱਬ ਨੂੰ,
ਆਪਣਾ-ਆਪਣਾ ਕਹਿਣ।
ਵਿੱਚ ਮਜੀਠ, ਕਸੁੰਭੜੇ,
ਸਿਰਫ਼ ਵਫ਼ਾ ਦਾ ਭੇਦ।
ਰੌਲਾ ਪਾਵੇ ਮਸਨਵੀ,
ਚੀਕਾਂ ਮਾਰਨ ਵੇਦ।
ਦੱਸ ਵੇ, ਮਨਾ! ਚਲੰਤਿਆ,
ਕਿੱਥੇ ਤੇਰੀ ਠਹਿਰ?
ਦੋ ਘੜੀਆਂ ਤੂੰ ਇਸ ਜਗ੍ਹਾ,
ਦੋ ਪਲ ਅਗਲੇ ਸ਼ਹਿਰ।
ਛੱਡ ਕੇ ਨੀਂਦਾਂ ਗੂੜ੍ਹੀਆਂ,
ਜਾਗ, ਵੇ ਝੱਲਿਆ ਜਾਗ।
ਇੱਕੋ ਤੱਕੜੀ ਤੁੱਲਦੇ,
ਖੁਸ਼ੀਆਂ ਅਤੇ ਵਿਰਾਗ।
ਪਾਣੀ, ਅੰਨ ਤਿਆਗ ਕੇ,
ਬਿਰਤ ਨ ਹੋਵਈ ਪਾਕਿ।
ਏਡਾ ਨਹੀਂ ਸੁਖਾਲੜਾ,
ਉਸ ਡਾਢੇ ਨਾਲ਼ ਸਾਕ।
ਵਿਛੜਨ ਦੇ ਰਾਹ ਪੈ ਗਏ,
ਇਕ-ਦੋ ਦਮ ਦੀ ਖੇਡ।
ਲੁਕ-ਲੁਕ ਖੇਡਾਂ ਖੇਡਦੀ,
ਹੋਣੀ ਸਾਹਿਬ ਜੇਡ।
ਤੇਰਾ ਜੋ ਵੀ ਬਖ਼ਸ਼ਿਆ,
ਲੈ ਲਾ ਸਹਿਜ ਸੁਭਾਅ।
ਅੜਿਆ! ਮੈਨੂੰ ਫਿਰ ਕਦੇ,
ਗਰਭ-ਜੂਨ ਨਾ ਪਾ।



ਰਿਤੂ ਵਾਸੂਦੇਵ

## ਗਰੀਬ ਹੋਵੇ


ਦਿਲੋ ਚਾਹੀਦੀਆਂ ਅਮੀਰੀਆਂ ,,
ਬੰਦਾ ਘਰੋਂ ਭਾਵੇਂ ਗਰੀਬ ਹੋਵੇ॥
ਪੈਸੇ ਭਾਵੇਂ ਘੱਟ ਹੋਣ
ਬੰਦਾ ਦਿਲ ਦਾ ਅਮੀਰ ਹੋਣਾ ਚਾਹੀਦਾ,,
ਹੱਸ ਕੇ ਮਿਲੇਂ ਤੇ ਖੁਸ਼ ਹੋ ਜਾਵੇ,,
ਮਰੂ ਮਰੂ ਨਾ ਕਰਦਾ ਹੋਵੇ,,
ਦਿਲੋਂ ਚਾਹੀਦੀਆਂ ਅਮੀਰੀਆਂ,,
ਬੰਦਾ ਘਰੋਂ ਭਾਵੇਂ ਗਰੀਬ ਹੋਵੇ॥
ਮਿਹਨਤ ਕਰ ਕਰੇ ਗੁਜ਼ਾਰਾ,,
ਠੱਗੀਆਂ ਦੇ ਪੁਲੰਦੇ ਦਾ ਬਣਦਾ ਹੋਵੇ,,
ਮਾਰ ਹੱਕ ਪਰਾਇਆ,,
ਆਪਣੇ ਘਰ ਨਾ ਭਰਦਾ ਹੋਵੇ,,
ਦਿਲੋਂ ਚਾਹੀਦੀਆਂ ਅਮੀਰੀਆਂ ,,
ਬੰਦਾ ਘਰੋਂ ਭਾਵੇਂ ਗਰੀਬ ਹੋਵੇ॥
ਇਧਰ ਦੀ ਗੱਲ ਉਧਰ ਨਾ ਕਰੇਂ,,
ਕਿਸੇ ਦਾ ਘਰ ਨਾ ਤੋੜੇ,,
ਆਪਣੀ ਝੂਠੀ ਬੱਲੇ ਬੱਲੇ ਲਈ,,
ਫੋਕੀ ਟੋਹਰ ਟੱਪੇ ਪਿਛੇ ਨਾ ਮਰਦਾ ਹੋਵੇ,,
ਦਿਲੋਂ ਚਾਹੀਦੀਆਂ ਅਮੀਰੀਆਂ,,
ਬੰਦਾ ਘਰੋਂ ਭਾਵੇਂ ਗਰੀਬ ਹੋਵੇ॥
ਮਿਹਨਤ ਕਰ ਕੋਈ ਕਰੇ ਤਰੱਕੀ,,
ਏਸ਼ ਗੱਲ ਤੋਂ ਨਾ ਸੜਦਾ ਹੋਵੇ ,,
ਹਰ ਕਿਸੇ ਦੀ ਕਰੇ ਇੱਜ਼ਤ
ਕਿਸੇ ਦੀ ਵੇਖ ਤਰੱਕੀ ਜ਼ਰਦਾ ਹੋਵੇ,,
ਦਿਲੋਂ ਚਾਹੀਦੀਆਂ ਅਮੀਰੀਆਂ,,
ਬੰਦਾ ਘਰੋਂ ਭਾਵੇਂ ਗਰੀਬ ਹੋਵੇ॥



ਗੁਰਜਿੰਦਰ ਸਿੰਘ ਸਿੱਧੂ
ਪਿੰਡ ਖਿੱਚੀਆਂ
ਜ਼ਿਲਾ ਗੁਰਦਾਸਪੁਰ
ਫੋਨ 062393 31711




# ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਦੇ ਆਧਾਰ 'ਤੇ ਹੀ ਦੁਨੀਆ ਵਿੱਚ ਖੁਸ਼ਹਾਲੀ ਸੰਭਵ: ਡਾ. ਕਮਲਜੀਤ ਸਿੰਘ ਟਿੱਬਾ












**ਸੰਗਰੂਰ (ਰਮੇਸ਼ਵਰ ਸਿੰਘ)** ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਲੇਖਕ ਭਵਨ ਸੰਗਰੂਰ ਵਿਖੇ ਮਹੀਨਾਵਾਰ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸਿਰਮੌਰ ਪੰਜਾਬੀ ਸਾਹਿਤਕਾਰ ਡਾ. ਕਮਲਜੀਤ ਸਿੰਘ ਟਿੱਬਾ ਨਾਲ ਰੂਬਰੂ ਸਮਾਗਮ ਰਚਾਇਆ ਗਿਆ। ਡਾ. ਕਮਲਜੀਤ ਸਿੰਘ ਟਿੱਬਾ ਨੇ ਆਪਣੇ ਭਾਸ਼ਣ ਵਿੱਚ ਬੋਲਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਦੇ ਆਧਾਰ 'ਤੇ ਹੀ ਦੁਨੀਆ ਵਿੱਚ ਖੁਸ਼ਹਾਲੀ ਸੰਭਵ ਹੈ। ਉਨ੍ਹਾਂ ਨੇ ਕਿਹਾ ਕਿ ਬੇਸ਼ੱਕ ਸਾਹਿਤ ਦੀਆਂ ਬਹੁਤ ਸਾਰੀਆਂ ਵਿਧਾਵਾਂ ਪੰਜਾਬੀਆਂ ਵਿੱਚ ਮਕਬੂਲ ਹਨ ਪਰ ਗੀਤਕਾਰੀ ਇਕਲੌਤੀ ਅਜਿਹੀ ਵਿਧਾ ਹੈ, ਜਿਸ ਨੂੰ ਪੰਜਾਬੀਆਂ ਦੀ ਆਪਣੀ ਵਿਧਾ ਕਿਹਾ ਜਾ ਸਕਦਾ ਹੈ। ਮਹਾਨ ਛੰਦ ਸ਼ਾਸਤਰੀ ਜੰਗ ਸਿੰਘ ਫੱਟੜ ਨੇ ਕਿਹਾ ਕਿ ਜਨਮ ਤੋਂ ਲੈ ਕੇ ਮਰਨ ਤੱਕ ਜੀਵਨ ਦੇ ਹਰ ਪੜਾਅ 'ਤੇ ਮਨੁੱਖ ਦਾ ਛੰਦ ਨਾਲ ਬੜਾ ਅਟੁੱਟ ਰਿਸ਼ਤੇ ਬਣਿਆ ਰਹਿੰਦਾ ਹੈ, ਉਹ ਭਾਵੇਂ ਲੋਰੀ ਦੇ ਰੂਪ ਵਿੱਚ ਹੋਵੇ, ਭਾਵੇਂ ਘੋੜੀ ਜਾਂ ਕੀਰਨੇ ਦੇ ਰੂਪ ਵਿੱਚ। ਸਮਾਗਮ ਦੇ ਆਰੰਭ ਵਿੱਚ ਮੂਲ ਚੰਦ ਸ਼ਰਮਾ ਨੇ ਡਾ: ਕਮਲਜੀਤ ਸਿੰਘ ਟਿੱਬਾ ਦੀਆਂ ਸਾਹਿਤਕ ਅਤੇ ਸਮਾਜਿਕ ਗਤੀਵਿਧੀਆਂ ਸਬੰਧੀ ਜਾਣ ਪਛਾਣ ਕਰਵਾਈ। ਸਭਾ ਦੇ ਪ੍ਰੈੱਸ ਸਕੱਤਰ ਪਵਨ ਕੁਮਾਰ ਹੋਸ਼ੀ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਮੂਲ ਚੰਦ ਸ਼ਰਮਾ, ਜੰਗ ਸਿੰਘ ਫੱਟੜ, ਸੁਖਵਿੰਦਰ ਸਿੰਘ ਫੁੱਲ, ਰਣਜੀਤ ਸਿੰਘ ਕਾਂਝਲਾ, ਕਰਮ ਸਿੰਘ ਜਖਮੀ, ਡਾ: ਕਮਲਜੀਤ ਸਿੰਘ ਟਿੱਬਾ, ਰਜਿੰਦਰ ਸਿੰਘ ਰਾਜਨ, ਸ਼ਸ਼ੀ ਬਾਲਾ, ਸੁਖਵਿੰਦਰ ਸਿੰਘ ਲੋਟੇ, ਸੁਰਜੀਤ ਸਿੰਘ ਮੌਜੀ, ਪਵਨ ਕੁਮਾਰ ਹੋਸ਼ੀ, ਬਲਜੀਤ ਬਾਂਸਲ, ਗੁਰਮੀਤ ਸਿੰਘ ਸੋਹੀ, ਗੋਬਿੰਦ ਸਿੰਘ ਤੂਰ ਬਨਜਾਰਾ, ਗੁਰਮੁੱਖ ਸਿੰਘ ਦਿਲਬਰ, ਕੁਲਵਿੰਦਰ ਸਿੰਘ, ਮੀਤ ਸਕਰੌਦੀ, ਜਗਦੇਵ ਸ਼ਰਮਾ ਧੂਰੀ, ਸੁਖਦੇਵ ਸਿੰਘ ਪੇਂਟਰ, ਜੰਗੀਰ ਸਿੰਘ ਰਤਨ, ਭੋਲਾ ਸਿੰਘ ਸੰਗਰਾਮੀ, ਹਨੀ ਸੰਗਰਾਮੀ, ਧਰਮੀ ਤੁੰਗਾਂ, ਧਰਮਵੀਰ, ਗੁਰੀ ਚੰਦੜ, ਸਰਬਜੀਤ ਸਿੰਘ ਸੰਗਰੂਰਵੀ, ਬਿੱਕਰ ਸਿੰਘ ਸਟੈਨੋ, ਸ਼ਿਵ ਕੁਮਾਰ ਅੰਬਾਲਵੀ, ਬਲਵੰਤ ਸਿੰਘ ਜੋਗਾ, ਲਾਭ ਸਿੰਘ ਝੱਮਟ, ਬਲਵੀਰ ਸਿੰਘ ਸੰਧੇ, ਭੁਪਿੰਦਰ ਨਾਗਪਾਲ , ਦਿਵਿਆਸ਼ ਖੁਰਾਣਾ, ਪਾਰਸ ਮਹਿਤਾ, ਰਾਜ ਰਾਣੀ, ਨੂਰਪ੍ਰੀਤ ਕੌਰ, ਸੁਖਨਦੀਪ ਕੌਰ, ਬਲਵੀਰ ਸਿੰਘ ਸੁਨਾਮ, ਮਨਜੀਤ ਕੌਰ ਸੰਧੂ, ਲਵਲੀ ਬਡਰੁੱਖਾਂ, ਗੁਰਪ੍ਰੀਤ ਸਿੰਘ ਸਹੋਤਾ, ਏਕਮਜੋਤ ਸਿੰਘ, ਪਰਮਜੀਤ ਕੌਰ, ਰੁਪਿੰਦਰ ਸਿਵਾਹੂ, ਆਤਿਫਾ ਅਤੇ ਸੁਖਮਨਪ੍ਰੀਤ ਆਦਿ ਕਵੀਆਂ ਨੇ ਹਿੱਸਾ ਲਿਆ। ਉੱਥੇ ਗਜ਼ਲਗੋ ਸੁਖਵਿੰਦਰ ਸਿੰਘ ਲੋਟੇ ਨੇ ਗ਼ਜ਼ਲ ਵਰਕਸ਼ਾਪ ਕੀਤੀ। ਅੰਤ ਵਿੱਚ ਸਭਾ ਦੇ ਪ੍ਰਧਾਨ ਕਰਮ ਸਿੰਘ ਜ਼ਖ਼ਮੀ ਨੇ ਸਮੂਹ ਸਾਹਿਤਕਾਰਾਂ ਲਈ ਧੰਨਵਾਦੀ ਸ਼ਬਦ ਕਹੇ ਅਤੇ ਮੰਚ ਸੰਚਾਲਨ ਦੀ ਭੂਮਿਕਾ ਰਜਿੰਦਰ ਸਿੰਘ ਰਾਜਨ ਨੇ ਬਾਖ਼ੂਬੀ ਨਿਭਾਈ।

# ਸਟੇਟ ਅਵਾਰਡੀ ਭੰਗਲ ਵੱਲੋਂ ਹੋਣਹਾਰ ਵਿਦਿਆਰਥੀਆਂ ਦਾ ਵਿੱਦਿਅਕ ਟੂਰ ਲਗਾਇਆ




**ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ )** ਸਰਕਾਰੀ ਮਿਡਲ ਸਕੂਲ, ਭੰਗਲ ਖੁਰਦ ਵਿਦਿਆਰਥੀਆਂ ਦੇ ਬਹੁਪੱਖੀ ਵਿਕਾਸ ਲਈ ਹਰ ਸਮੇਂ ਅਲੱਗ ਅਲੱਗ ਗਤੀਵਿਧੀਆਂ ਕਰਵਾਉਂਦਾ ਹੈ। ਇਸੇ ਲੜੀ ਤਹਿਤ ਭੰਗਲ ਖੁਰਦ ਦੇ ਹੋਣਹਾਰ ਮੈਰੀਟੋਰੀਅਸ ਵਿਦਿਆਰਥੀਆਂ ਦਾ ਇੱਕ ਦਿਨਾਂ ਟੂਰ ਲਗਾਇਆ ਗਿਆ। ਜਾਣਕਾਰੀ ਦਿੰਦਿਆ ਮੁੱਖ ਅਧਿਆਪਕ ਪਰਵਿੰਦਰ ਸਿੰਘ ਭੰਗਲ ਸਟੇਟ ਅਵਾਰਡੀ ਨੇ ਦੱਸਿਆ ਕਿ ਭੰਗਲ ਖੁਰਦ ਸਕੂਲ ਦੇ ਜਿਹੜੇ ਵਿਦਿਆਰਥੀਆਂ ਨੇ 2024 -2025 ਵਿੱਦਿਅਕ ਸੈਸ਼ਨ ਵਿੱਚ ਵੱਖ ਵੱਖ ਖੇਤਰਾਂ ਵਿੱਚ ਮੱਲਾਂ ਮਾਰੀਆਂ ਹਨ, ਉਹਨਾਂ ਵਿਦਿਆਰਥੀਆਂ ਦਾ ਮੁਫ਼ਤ ਟੂਰ ਚੰਡੀਗੜ੍ਹ ਵਿਖੇ ਲਗਾਇਆ ਗਿਆ ਜਿਸ ਵਿੱਚ ਐਨ. ਐਮ. ਐਸ ; ਪੀ. ਐ. ਟੀ. ਐਸ . ਈ, ਪ੍ਰੀਖਿਆਵਾਂ ਵਿੱਚ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀ, ਛੇਵੀ, ਸੱਤਵੀਂ ਅਤੇ ਅੱਠਵੀਂ ਜਮਾਤਾਂ ਵਿਚੋਂ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ, ਅੱਠਵੀਂ ਦੀ ਬੋਰਡ ਦੀ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀ ਅਤੇ ਖੇਡਾਂ ਵਿੱਚ ਗੋਲਡ ਮੈਡਲਿਸਟ ਵਿਦਿਆਰਥੀ ਸ਼ਾਮਿਲ ਸਨ। ਟੂਰ ਦੌਰਾਨ ਵਿਦਿਆਰਥੀਆਂ ਨੇ ਚੰਡੀਗੜ੍ਹ ਵਿਖੇ ਪਿੰਜੋਰ ਗਾਰਡਨ , ਰੋਕ ਗਾਰਡਨ, ਸੁਖਨਾ ਝੀਲ , ਰੋਜ਼ ਗਾਰਡਨ ਦਾ ਦੌਰਾ ਕੀਤਾ ਅਤੇ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਕੀਤੀ । ਮੁੱਖ ਅਧਿਆਪਕ ਪਰਵਿੰਦਰ ਸਿੰਘ ਭੰਗਲ ਸਟੇਟ ਅਵਾਰਡੀ ਨੇ ਕਿਹਾ ਕਿ ਅੱਗੇ ਤੋਂ ਮੈਰੀਟੋਰੀਅਸ ਵਿਦਿਆਰਥੀਆਂ ਦੇ ਟੂਰ ਲਗਾਏ ਜਾਣਗੇ। ਇਸ ਮੌਕੇ ਨੀਰਜ ਕੁਮਾਰੀ ਸਟੇਟ ਅਵਾਰਡੀ , ਹਰਜੀਤ ਕੌਰ ਅਤੇ ਮਨਜਿੰਦਰ ਕੌਰ ਹਾਜ਼ਰ ਸਨ ।

# ਡੀ ਐਸ ਫੋਰ ਝੱਗਾ ਹੋਰ ਪਜਾਮਾ ਹੋਰ

(ਸ਼ਾਮ ਚੁਰਾਸੀ ਚਰਨਜੀਤ ਸੱਲ੍ਹਾਂ ) ਸਾਥੀਓ ਜਦੋਂ ਸਾਹਬ ਜੀ ਨੇ ਪੰਜਾਬ ਆ ਕੇ ਸੰਘਰਸ਼ ਸ਼ੁਰੂ ਕੀਤਾ ਤਾਂ ਮੈਂ ਉਸ ਵੇਲੇ ਦੇ ਆਪਣੇ ਸਮਾਜ ਦੇ ਹਾਲਾਤ ਵੀ ਦੱਸਣਾ ਚਾਹੁੰਦਾ ਹਾਂ।ਭਾਵੇਂ ਕਿ ਉਸ ਸਮੇਂ ਦੀਆਂ ਤੰਗੀਆਂ -ਤੁਰਸ਼ੀਆਂ ਉਦੋਂ ਤਾਂ ਨਹੀਂ ਮਹਿਸੂਸ ਹੁੰਦੀਆਂ ਸਨ ਪਰ ਅੱਜ ਉਹਨਾਂ ਹਾਲਾਤਾਂ ਨੂੰ ਸੋਚ ਕੇ , ਮੇਰਾ ਮੰਨ ਉਹਨਾਂ ਮਹਾਂਪੁਰਸ਼ਾਂ ਨੂੰ ਲੱਖ-ਲੱਖ ਪ੍ਰਣਾਮ ਕਰਦਾ ਹੈ ਜਿਹਨਾਂ ਮਹਾਂਪੁਰਸ਼ਾਂ ਦਾ ਝੱਗਾ ਹੋਰ ਤੇ ਪਜਾਮਾ ਹੋਰ ਸੀ ਅਤੇ ਉਹ ਲਗਾਤਾਰ ਸੰਘਰਸ਼ ਕਰਦੇ ਸਨ।

ਉਹਨਾਂ ਦਿਨਾਂ ਵਿੱਚ ਸਹਿਕਾਰੀ ਬੈਂਕਾਂ ਤੋਂ ਦੋ ਜਾਂ ਢਾਈ ਸੌ ਰੁਪਈਆ ਸਾਡੇ ਸਮਾਜ ਨੂੰ ਕਰਜ਼ਾ ਮਿਲਦਾ ਸੀ ਜੋ ਕਿ ਨਾ ਮੋੜੇ ਜਾਣ ਕਾਰਣ ਤਿੰਨ-ਚਾਰ ਸੌ ਤੱਕ ਹੋ ਜਾਂਦਾ ।ਬੈਂਕ ਵਾਲਿਆਂ ਨੇ ਸਾਡੇ ਲੋਕਾਂ ਨੂੰ ਫੜਕੇ ਲਿਜਾਣਾ ਸ਼ੁਰੂ ਕਰ ਦਿੱਤਾ। ਇਸ ਤੇ ਮੇਰੇ ਭਾਪਾ ਜੀ ਨੇ ਕਵਿਤਾ ਵੀ ਲਿਖੀ ਹੋਈ ਸੀ , ਬੈਂਕ ਨੇ ਐਸੀ ਪਾਈ ਭਾਜੜ -ਨੱਸਾ ਮੈਂ ਵੀ ਚੱਕ ਕੇ ਚਾਦਰ।ਕਈ ਤਾਂ ਇਸ ਤਰ੍ਹਾਂ ਭੱਜ ਕੇ ਬਚ ਜਾਂਦੇ ਪਰ ਕੁੱਝ ਫੜੇ ਵੀ ਜਾਂਦੇ।ਫੜੇ ਗਏ ਗ਼ਰੀਬਾਂ ਨੂੰ ਬੈਂਕ ਵਾਲਿਆਂ ਵੱਲੋਂ ਰੱਜ ਕੇ ਜ਼ਲੀਲ ਕੀਤਾ ਜਾਂਦਾ।ਆਖਰ ਬੈਂਕ ਵਾਲਿਆਂ ਦੀਆਂ ਮਿੰਨਤਾਂ ਤਰਲੇ ਕਰਕੇ ਘਰ ਜਾਂ ਮੁਹੱਲੇ ਵਾਲਿਆਂ ਵੱਲੋਂ ਛੁਡਾਇਆ ਜਾਂਦਾ । ਉਧਰ ਸਾਹਬ ਜੀ ਨੇ ਵੀ ਆਪਣਾ ਸੰਘਰਸ਼ ਤੇਜ ਕੀਤਾ ਹੋਇਆ ਸੀ।ਉਹਨਾਂ ਦੁਆਰਾ ਕੇਡਰ ਕੀਤੇ ਗਏ ਸਾਥੀ ਪਿੰਡਾਂ -ਪਿੰਡਾਂ ਵਿੱਚ ਲੋਕਾਂ ਨੂੰ ਜਾ ਕੇ ਜਗਾਉਂਦੇ ਅਤੇ ਉਹ ਜਾਗੇ ਹੋਏ ਲੋਕ ਹਰ ਰੋਜ ਕੰਮ ਤੇ ਜਾਂਦੇ ।ਆਪਣੇ ਦਿਹਾੜੀ ਢੱਪੇ ਤੋਂ ਬਾਅਦ ਸ਼ਾਮ ਪਿੰਡਾਂ-ਪਿੰਡਾਂ ਵਿੱਚ ਜਾਕੇ ਮੀਟਿੰਗਾਂ ਕਰਦੇ।ਘਰ ਤੋਂ ਬੰਨ੍ਹੀਆਂ ਹੋਈਆਂ ਰੋਟੀਆਂ ਮੀਟਿੰਗ ਤੋਂ ਬਾਅਦ ਖਾ ਲੈਂਦੇ।ਜਿੱਦਣ ਕਿਤੇ ਚਾਹ ਵੀ ਮਿਲ ਜਾਂਦੀ ਤਾਂ ਭਾਪਾ ਜੀ ਕਹਿੰਦੇ ਯਾਰ ਤਰਲੋਕ ਸਾਡੀ ਅੱਜ ਦੀ ਮੀਟਿੰਗ ਕਾਮਯਾਬ ਰਹੀ। ਪਿੰਡ ਵਾਲਿਆਂ ਖੁਸ਼ ਹੋ ਕੇ ਚਾਹ ਵੀ ਪਿਲਾਈ।ਪਰ ਚਾਹ ਜਦੋਂ ਨਹੀਂ ਵੀ ਮਿਲਦੀ ਤਾਂ ਇਸ ਨਾਲ ਉਹਨਾਂ ਨੂੰ ਕੋਈ ਫਰਕ ਨਾ ਪੈਂਦਾ।

ਉਧਰ ਸਾਹਬ ਹੁਣਾ ਨੇ ਆਪਣੇ ਕੀਤੇ ਹੋਏ ਸੰਘਰਸ਼ ਨੂੰ ਪਰਖਣ ਲਈ 1985 ਦੇ ਇਲੈਕਸ਼ਨ ਲੜਨ ਦਾ ਫੈਸਲਾ ਕੀਤਾ।ਬੱਸ ਫੇਰ ਕੀ ਸੀ? ਸਾਰੀਆਂ ਵਿਰੋਧੀ ਪਾਰਟੀਆਂ ਨੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ।ਕਦੇ ਸਾਹਬ ਨੂੰ ਅਮਰੀਕਾ ਦਾ ਏਜੰਟ ਕਦੇ ਲਾਟਰੀਆਂ ਵਾਲਾ ਕਦੇ ਕੁਛ ਤੇ ਕੁਛ। ਪਰ ਸਾਹਬ ਕਿੱਥੇ ਡੋਲਣ ਵਾਲੇ ਸਨ।ਇੱਕ ਦਮ ਸਿੱਧਾ ਨਿਸ਼ਾਨਾ ਖਿੱਚਕੇ ਤੇ ਉਸ ਤੇ ਲਗਾਤਾਰ ਚੱਲਦੇ ਰਹਿਣਾ ਸਾਹਬ ਹੁਣਾ ਦੀ ਫਿਤਰਤ ਸੀ।ਉਹਨਾਂ ਹਮੇਸ਼ਾਂ ਆਪਣੇ ਤੇ ਹੋਣ ਵਾਲੇ ਹਮਲਿਆਂ ਦਾ ਕਦੇ ਵੀ ਜਵਾਬ ਨਾ ਦਿੱਤਾ।ਫੇਰ ਵਿਰੋਧੀਆਂ ਨੇ ਸਾਹਬ ਦੇ ਸਿਪਾਹੀਆਂ ਨੂੰ ਟਾਰਗੈਟ ਕਰਨਾ ਸ਼ੁਰੂ ਕੀਤਾ।ਉਹ ਸਿਪਾਹੀ ਜਿਹੜੇ ਪਿੰਡਾਂ ਵਿੱਚ ਜਾਂਦੇ ਸਨ-ਉਹਨਾਂ ਦੀ ਆਰਥਿਕ ਹਾਲਤ ਤੇ ਅਟੈਕ ਕੀਤੇ ਜਾਂਦੇ।ਪਿੰਡ ਵਿੱਚ ਦਿਹਾੜੀ ਦਾ ਨਾ ਕਹਿਣਾ,ਮੱਕੀ ਜੋ ਚੌਥੇ ਹਿੱਸੇ ਤੇ ਗੁੱਡੀ ਜਾਂਦੀ ਸੀ ਉਸ ਵੱਲੋਂ ਜਵਾਬ ਅਤੇ ਕਣਕ ਵੱਢਣ ਲਈ ਹੋਰ ਤਾਂ ਸਾਰਿਆਂ ਨੂੰ ਕਹਿ ਲੈਣਾ ਪਰ ਕਾਂਸ਼ੀ ਰਾਮ ਦੇ ਪੈਰੋਕਾਰਾਂ ਵੱਲੋਂ ਪੁੱਛੇ ਜਾਣ ਤੇ ਵੀ ਜਵਾਬ ਮਿਲ ਜਾਣਾ।ਇੱਥੋਂ ਤੱਕ ਕਿ ਸੰਘਰਸ਼ੀ ਲੋਕ ਕਿਤੇ ਜਾਂਦੇ ਮਿਲਦੇ ਸਨ ਤਾਂ ਤਾਅਨਾ ਕੱਸਿਆ ਜਾਂਦਾ ਕਿ ਡੀ ਐਸ ਫੋਰ ਝੱਗਾ ਹੋਰ ਪਜਾਮਾ ਹੋਰ।ਪਰ ਕਾਂਸ਼ੀ ਰਾਮ ਦੇ ਸ਼ੇਰ ਨਾ ਕਦੇ ਰੁਕੇ ਅਤੇ ਨਾ ਝੁਕੇ।ਉਹਨਾਂ ਨੇ ਆਪਣਾ ਸੰਘਰਸ਼ ਜਾਰੀ ਰੱਖਿਆ। ਸੰਨ ਪਚਾਸੀ ਵਿੱਚ ਡੀ ਐਸ ਫੋਰ ਜਾਂ



ਬੀ ਐਸ ਪੀ ਦਾ ਐਮ ਐਲ ਏ ਤੇ ਭਾਂਵੇਂ ਨਹੀਂ ਜਿੱਤਿਆ ਪਰ ਬਾਜ਼ੀ ਪੂਰੀ ਦੀ ਪੂਰੀ ਪਲਟ ਗਈ।ਕਾਂਗਰਸ ਜੋ ਤਰ੍ਹਾਂ -ਤਰ੍ਹਾਂ ਦੇ ਸਾਹਬ ਤੇ ਇਲਜ਼ਾਮ ਲਾਉਂਦੇ ਸੀ ਦੀ ਕਰਾਰੀ ਹਾਰ ਹੋਈ।ਏਸ ਸੰਘਰਸ਼ ਤੋਂ ਬਾਅਦ ਮੈਨੂੰ ਕਈ ਅਦਭੁਤ ਨਤੀਜੇ ਦੇਖਣ ਨੂੰ ਮਿਲੇ ਜਿਵੇਂ ਕਿ ਫਿਰ ਕੋਈ ਬੈਂਕ ਵਾਲਾ ਕਿਸੇ ਗਰੀਬ ਨੂੰ ਫੜਨ ਨਹੀਂ ਆਇਆ।ਇੱਥੋਂ ਤੱਕ ਕਿ ਇਸ ਬਾਬਤ ਇੱਕ ਕਾਨੂੰਨ ਵੀ ਬਣ ਗਿਆ।ਹੁਣ ਸਰਕਾਰ ਕਿਸੇ ਗਰੀਬ ਕਰਜ਼ਦਾਰ ਨੂੰ ਜੇਲ ਨਹੀਂ ਭੇਜ ਸਕਦੀ ਸੀ ਤੇ ਇਹ ਕਨੂੰਨ ਆਜ਼ਾਦੀ ਦੇ ਅਠੱਤੀ ਸਾਲ ਬਾਅਦ ਬਣਿਆ। ਹੁਣ ਸੋਚਣ ਵਾਲੀ ਗੱਲ ਇਹ ਕਿ ਇਹ ਕਾਨੂੰਨ ਸਰਕਾਰ ਨੇ ਖੁਦ ਬਣਾਇਆ ਜਾਂ ਮਜਬੂਰ ਹੋਈ ਸਰਕਾਰ।ਇਹ ਸਭ ਸਮਝਦਾਰ ਸਾਥੀ ਜਾਣਦੇ ਹਨ। ਸੰਘਰਸ਼ ਸਦਕਾ ਜਾਗਰੂਕ ਹੋਏ ਮਿਹਨਤਕਸ਼ ਲੋਕਾਂ ਨੇ ਸ਼ਹਿਰਾਂ ਵੱਲ ਦਾ ਰੁੱਖ ਕੀਤਾ। ਸ਼ਹਿਰਾਂ ਵਿੱਚ ਆ ਕੇ ਪਤਾ ਲੱਗਾ ਕਿ ਅਰਬ ਦੇਸ਼ਾਂ ਵਿੱਚ ਮਿਹਨਤ ਦਾ ਕਾਫ਼ੀ ਮੁੱਲ ਮਿਲਦਾ ਹੈ ਤੇ ਉਹ ਬਾਹਰਲੇ ਦੇਸ਼ਾਂ ਨੂੰ ਹੋ ਤੁਰੇ।ਗੁਲਫ ਦੇਸ਼ਾਂ ਵਿੱਚ ਕਾਫ਼ੀ ਪੈਸੇ ਬਣ ਜਾਂਦੇ ਸਨ। ਇਹਨਾਂ ਨੇ ਹੱਡ ਭੰਨਵੀਂ ਕਮਾਈ ਕੀਤੀ,ਕੰਜੂਸੀਆਂ ਕਰ ਕਰ ਕੇ ਪੈਸੇ ਜੋੜੇ।ਇਕੱਠੇ ਕੀਤੇ ਪੈਸਿਆਂ ਨਾਲ ਕਈ ਖ਼ੁਦ ਤੇ ਕਈਆਂ ਨੇ ਆਪਣੇ ਬੱਚਿਆਂ ਨੂੰ ਯੌਰਪ ਵੱਲ ਭੇਜਿਆ ਜਿਹਨਾਂ ਨੂੰ ਵੱਡੇ ਦੇਸ਼ ਵੀ ਕਹਿੰਦੇ ਹਨ।

ਅੱਜ ਅਸੀਂ ਕੋਟ-ਪੈਂਟ, ਟਾਈਆਂ , ਸਕੂਟਰ , ਮੋਟਰ ਸਾਈਕਲ ,ਕਾਰਾਂ ਤੇ ਵੱਡੀਆਂ -ਵੱਡੀਆਂ ਕੋਠੀਆਂ ਵਾਲੇ ਬਣ ਗਏ ਹਾਂ ਪਰ ਸੈਲੂਟ ਹੈ ਉਹਨਾਂ ਨੂੰ ਜਿਹਨਾਂ ਨੂੰ ਡੀ ਐਸ ਫੋਰ ਝੱਗਾ ਹੋਰ ਪਜਾਮਾ ਹੋਰ ਕਿਹਾ ਜਾਂਦਾ ਸੀ ਕਿਉਂਕਿ ਉਹਨਾਂ ਦੇ ਸੰਘਰਸ਼ ਸਦਕਾ ਗ਼ਰੀਬਾਂ ਲਈ ਕਈ ਕਾਨੂੰਨ ਲਾਗੂ ਹੋਏ।ਪਰ ਅੱਜ ਅਸੀਂ ਕੋਟ ,ਪੈਂਟ ,ਕਾਰਾਂ ,ਕੋਠੀਆਂ ਵਾਲਿਆਂ ਦੇ ਸਾਹਮਣੇ ਗ਼ਰੀਬਾਂ ਲਈ ਕਨੂੰਨ ਬਣਨੇ ਤਾਂ ਕੀ ਪੂਰੇ ਸੰਵਿਧਾਨ ਨੂੰ ਹੀ ਬਦਲਣ ਦੀ ਗੱਲ ਕੀਤੀ ਜਾ ਰਹੀ ਹੈ।ਇੱਕ ਗੱਲ ਯਾਦ ਰੱਖਿਓ ਸੰਵਿਧਾਨ ਹੈ ਤਾਂ ਸਾਡਾ ਵਜੂਦ ਹੈ। ਸੰਵਿਧਾਨ ਖਤਮ ਤਾਂ ਅਸੀਂ ਖਤਮ।ਹਾਂ ਹਾਂ ਜਿਸਦੀ ਇੱਜ਼ਤ ਨਹੀਂ ਅਣਖ ਨਹੀਂ ਉਸਨੂੰ ਤਾਂ ਜ਼ਿੰਦਾ ਨਹੀਂ ਸਮਝਿਆ ਜਾ ਸਕਦਾ।ਸੋ ਆਉ ਭਰਾਵੋ,ਭੈਣੋ,ਬਜ਼ੁਰਗੋ ,ਮਾਤਾਵੋ,ਬੱਚਿਉ ਅੱਜ ਉੱਠੀਏ ਅਤੇ ਇਹਨਾਂ ਜਾਲਮਾਂ ਨੂੰ ਦੱਸ ਦਈਏ ਕਿ ਸਾਡੀਆਂ ਰਗਾਂ ਵਿੱਚ ਖ਼ੂਨ ਉਹਨਾਂ ਮਹਾਨ ਰਹਿਬਰਾਂ ਦਾ ਹੈ ਜਿਹੜੇ ਨਾ ਕਦੇ ਅੱਕੇ ਨਾ ਥੱਕੇ ਨਾ ਰੁਕੇ ਨਾ ਝੁਕੇ ਤੇ ਨਾ ਹਾਰੇ। ਆਉ ਅੱਜ ਨੀਲੇ ਝੰਡੇ ਥੱਲੇ ਇਕੱਠੇ ਹੋਈਏ ਤੇ ਸੰਘਰਸ਼ ਕਰ ਰਹੇ ਸਾਥੀਆਂ ਦਾ ਸਾਥ ਦੇ ਕੇ ਇੱਕ ਬਣਦਾ ਇੱਜ਼ਤ ਮਾਣ ਦੇਈਏ। **ਕੁਲਵੀਰ ਹਲਕਾ ਸ਼ਾਮ ਚੌਰਾਸੀ।**

## ਐਮ ਪੀ ਡਾ. ਰਾਜ ਕੁਮਾਰ ਚੱਬੇਵਾਲ ਨੇ ਤੂਫ਼ਾਨ ਅਤੇ ਮੀਂਹ ਕਾਰਨ ਪ੍ਰਭਾਵਿਤ ਹੋਈ ਬਿਜਲੀ ਸਪਲਾਈ ਜਲਦੀ ਠੀਕ ਕਰਨ ਦੇ ਨਿਰਦੇਸ਼ ਦਿੱਤੇ

**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ)** ਪਿਛਲੇ ਦੋ-ਤਿੰਨ ਦਿਨਾਂ ਤੋਂ ਪੰਜਾਬ ਵਿੱਚ ਤੇਜ਼ ਤੂਫਾਨ ਅਤੇ ਮੋਹਲੇਧਾਰ ਬਾਰਿਸ਼ ਨੇ ਆਮ ਜਨਜੀਵਨ ਨੂੰ ਪ੍ਰਭਾਵਿਤ ਕੀਤਾ ਹੈ। ਕੁਦਰਤੀ ਆਫ਼ਤ ਕਾਰਨ ਕਈ ਥਾਵਾਂ 'ਤੇ ਦਰੱਖਤ ਡਿੱਗ ਪਏ ਹਨ ਅਤੇ ਬਿਜਲੀ ਦੇ ਤਾਰੇ ਟੁੱਟਣ ਨਾਲ ਬਿਜਲੀ ਸਪਲਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਇਸ ਸੰਕਟ ਵਾਲੀ ਸਥਿਤੀ ਵਿੱਚ ਲੋਕਾਂ ਨੂੰ ਰਾਹਤ ਦੇਣ ਲਈ ਹੁਸ਼ਿਆਰਪੁਰ ਤੋਂ ਸੰਸਦ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਨੇ ਖੁਦ ਮੋਰਚਾ ਸੰਭਾਲਿਆ ਹੈ। ਸੰਸਦ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਨੇ ਬਿਜਲੀ ਵਿਭਾਗ ਪੀਐਸਪੀਸੀਐਲ (ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ) ਦੇ ਉੱਚ ਅਧਿਕਾਰੀਆਂ ਨਾਲ ਸੰਪਰਕ ਕਰਕੇ ਬਿਜਲੀ ਸਪਲਾਈ ਬਹਾਲ ਕਰਨ ਦੇ ਨਿਰਦੇਸ਼ ਜਾਰੀ ਕੀਤੇ ਹਨ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਲੋਕਾਂ ਨੂੰ ਗਰਮੀ ਅਤੇ ਹਨੇਰੇ ਵਿੱਚ ਰਹਿਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਇਸ ਵਿਸ਼ੇ 'ਤੇ, ਉਨ੍ਹਾਂ ਨੇ ਪੀਐਸਪੀਸੀਐਲ-ਕਮ-ਮੈਨੇਜਿੰਗ ਡਾਇਰੈਕਟਰ ਅਜੈ ਕੁਮਾਰ ਸਿਨਹਾ (ਆਈ. ਈ.ਐਚ. ਐਸ. ਨਾਲ ਵੀ ਸਿੱਧੀ ਗੱਲਬਾਤ ਕੀਤੀ ਸੀ) ਦੇ ਚੇਅਰਮੈਨ ਹਨ ਅਤੇ ਉਨ੍ਹਾਂ ਨੂੰ ਤੁਰੰਤ ਕਾਰਵਾਈ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ



ਕਿ ਅਜੈ ਕੁਮਾਰ ਸਿਨਹਾ ਨੇ ਭਰੋਸਾ ਦਿੱਤਾ ਹੈ ਕਿ ਉਹ ਅੱਜ ਮੀਟਿੰਗ ਬੁਲਾ ਕੇ ਸਮੱਸਿਆ ਦਾ ਹੱਲ ਲੱਭਣਗੇ। ਸੰਸਦ ਮੈਂਬਰ ਨੇ ਸੀਨੀਅਰ ਇੰਜੀਨੀਅਰ ਜਸਵਿੰਦਰ ਸਿੰਘ ਵਿਰਦੀ ਨਾਲ ਵੀ ਗੱਲ ਕੀਤੀ ਹੈ ਅਤੇ ਪ੍ਰਭਾਵਿਤ ਇਲਾਕਿਆਂ ਵਿੱਚ ਬਿਜਲੀ ਸਪਲਾਈ ਨੂੰ ਪਹਿਲ ਦੇ ਆਧਾਰ 'ਤੇ ਬਹਾਲ ਕਰਨ ਦੇ ਨਿਰਦੇਸ਼ ਦਿੱਤੇ ਹਨ। ਵਿਭਾਗ ਵਿੱਚ ਨਿਯੁਕਤ ਠੇਕਾ ਸਟਾਫ ਪਿਛਲੇ ਦੋ-ਤਿੰਨ ਦਿਨਾਂ ਤੋਂ ਹੜਤਾਲ 'ਤੇ ਹੈ, ਜਿਸ ਕਾਰਨ ਬਿਜਲੀ ਦੀ ਮੁਰੰਮਤ ਅਤੇ ਬਹਾਲੀ ਵਿੱਚ ਦੇਰੀ ਹੋ ਰਹੀ ਹੈ। ਸੰਸਦ ਮੈਂਬਰ ਚੱਬੇਵਾਲ ਨੇ ਕਿਹਾ ਕਿ ਅਜਿਹੀ ਸਥਿਤੀ ਵਿੱਚ ਬਿਜਲੀ ਸਪਲਾਈ ਨੂੰ ਸੁਚਾਰੂ ਬਣਾਉਣ ਅਤੇ ਕਿਸੇ ਵੀ ਸਥਿਤੀ ਵਿੱਚ ਜਨਤਾ ਨੂੰ ਰਾਹਤ ਪ੍ਰਦਾਨ ਕਰਨ ਲਈ ਬਾਹਰੀ ਸਟਾਫ ਦੀ ਮਦਦ ਲਈ ਜਾਣੀ ਚਾਹੀਦੀ ਹੈ। ਉੱਥੇ ਐਕਸੀਅਨ ਸੰਦੀਪ ਸ਼ਰਮਾ ਨੇ ਦੱਸਿਆ ਕਿ ਵਿਭਾਗ ਦੇ ਯਤਨਾਂ ਨਾਲ ਲਗਭਗ 80 ਪ੍ਰਤੀਸ਼ਤ ਬਿਜਲੀ ਸਪਲਾਈ ਬਹਾਲ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਬਾਕੀ ਰਹਿੰਦੇ ਇਲਾਕਿਆਂ ਨੂੰ ਜਲਦੀ ਹੀ ਪੂਰਾ ਕਰ ਲਿਆ ਜਾਵੇਗਾ ਅਤੇ ਬਿਜਲੀ ਸਪਲਾਈ ਆਮ ਵਾਂਗ ਕਰ ਦਿੱਤੀ ਜਾਵੇਗੀ। ਦਰਖਤ ਡਿੱਗਣ ਅਤੇ ਤਾਰਾਂ ਟੁੱਟਣ ਦੀਆਂ ਘਟਨਾਵਾਂ ਕਾਰਨ ਕਈ ਇਲਾਕਿਆਂ ਵਿੱਚ ਖੰਭੇ ਲਗਾਉਣ ਅਤੇ ਟ੍ਰਾਂਸਫਾਰਮਰ ਬਦਲਣ ਦੀ ਲੋੜ ਪਈ ਹੈ, ਜਿਸ 'ਤੇ ਤੇਜ਼ੀ ਨਾਲ ਕਾਰਵਾਈ ਕੀਤੀ ਜਾ ਰਹੀ ਹੈ। ਸੰਸਦ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਨੇ ਜਨਤਾ ਨੂੰ ਸੰਜਮ ਬਣਾਈ ਰੱਖਣ ਦੀ ਅਪੀਲ ਕੀਤੀ ਹੈ ਅਤੇ ਭਰੋਸਾ ਦਿੱਤਾ ਹੈ ਕਿ ਉਹ ਖੁਦ ਬਿਜਲੀ ਸਪਲਾਈ ਪ੍ਰਣਾਲੀ ਦੀ ਨਿਗਰਾਨੀ ਕਰ ਰਹੇ ਹਨ। ਉਨ੍ਹਾਂ ਨੇ ਪੀਐਸਪੀਸੀਐਲ ਅਧਿਕਾਰੀਆਂ ਨੂੰ ਸਥਿਤੀ 'ਤੇ ਸਖ਼ਤ ਨਜ਼ਰ ਰੱਖਣ ਦੇ ਨਿਰਦੇਸ਼ ਦਿੱਤੇ ਹਨ ਅਤੇ ਕੋਈ ਵੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਡਾ. ਚੱਬੇਵਾਲ ਨੇ ਅੰਤ ਵਿੱਚ ਕਿਹਾ ਕਿ ਜਨਤਕ ਸਮੱਸਿਆਵਾਂ ਨੂੰ ਹੱਲ ਕਰਨਾ ਉਨ੍ਹਾਂ ਦੀ ਤਰਜੀਹ ਹੈ ਅਤੇ ਪ੍ਰਸ਼ਾਸਕੀ ਲਾਗੂਕਰਨ ਦੇ ਨਾਲ ਮਿਲ ਕੇ ਉਹ ਜਲਦੀ ਹੀ ਪੂਰੀ ਸਥਿਤੀ ਨੂੰ ਆਮ ਬਣਾ ਦੇਣਗੇ।

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.

(FREE CONSULTATION)

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).



MANJEET SINGH KHANBA
Award Winner 1999, 2001 & 2005
(2 Awards) BSYA

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS -** 1) ਸਰੀਰਕ ਸ਼ਕਤੀ: ANAEMIA ... (ਇਕ ਲੀਟਰ ਇਕ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ: (NERVE TONIC)- ਮਾਨਸਿਕ ਤਣਾਅ, ਥਕਾਵਟ, ... ਹਰ ਕਿਸੇ ਲਈ (ਇਕ ਲੀਟਰ ਇਕ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

(AZOOSPERMIA), (HYDROCELE), (GONORRHOEA), (PROSTATE GLAND), (SYPHILIS), SPERMATIC (VARICOCELE)

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS')

INFORMATION ... 1 ਮਹੀਨੇ ਦੀ ਕੀਮਤ

ਨੁਸਖਾ ਨੰਬਰ 1 (IN TABLETS) ... (PIGMENTATION WHITE SPOTS) ... ਇਕ ਮਹੀਨੇ ਦੀ ਕੀਮਤ £69
ਨੁਸਖਾ ਨੰਬਰ 2 (IN CAPSULES OR IN PEARLS) ... PROPER SHAPE ... £89
ਨੁਸਖਾ ਨੰਬਰ 3 (IN CAPSULES) ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES) ... (FLABBY & OUT OF SHAPE BELLY) ... FLAT ਅਤੇ TONED ... £69
ਨੁਸਖਾ ਨੰਬਰ 5 (IN CAPSULES) ... (FEMALE SEX-DRIVE) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS) ... SEXUAL DISCOMFORT ... (VAGINAL LUBRICATION GEL / MAGIC) £49
ਨੁਸਖਾ ਨੰਬਰ 7 (IN CAPSULES) ... (MENOPAUSE) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES) ... £59
ਨੁਸਖਾ ਨੰਬਰ 9 (IN CAPSULES) ... £59
ਨੁਸਖਾ ਨੰਬਰ 10 (IN CAPSULES) ... GUARANTEED GOOD QUALITY SLEEP £59
ਨੁਸਖਾ ਨੰਬਰ 11 (IN TABLETS) ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS) ... (SPECIAL OCCASIONS) ... £89
ਨੁਸਖਾ ਨੰਬਰ 13 (IN VIALS) ... £89
ਨੁਸਖਾ ਨੰਬਰ 14 (IN TABLETS) ... SEXUAL ... MALE DISORDERS ... £69

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders)

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।

LADY CONSULTANT & PRACTITIONER IS AVAILABLE, MRS. JASWINDER KAUR KHANBA BSYA (HOM.) (A.P) AND (NUTRI.)

ਬੱਚਿਆਂ ਦੀ ਬੀਮਾਰੀਆਂ, ਜਿਵੇਂ: (Stammering), (Tonsilits), (Worms), (Enuresis), (Wheezing Problem), (Eczema), (Psoriasis), (Anaemia), (Backward Children), (Rickets), (Epilepsy) ਵਗੈਰਾ।

ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | | |
|---|---|---|
| PILAES | (IN OINTMENT) ... | £19 |
| NURALACO | (IN OINTMENT OR LOTION) ... | £19 |
| CHILLAGA | (IN OINTMENT OR LOTION) ... | £19 |
| ARNSTRA | (IN OINTMENT) ... (BED SORES) ... | £19 |
| BELINFLA | (IN OIL OR OINTMENT) ... | £19 |
| BELULCE | (IN OIL) ... ULCERS ... | £19 |
| BRYJOIN | (IN OIL) ... | £19 |
| CALWOUN | (IN OIL OR OINTMENT) ... | £19 |
| BURCAN | (IN LOTION OR OINTMENT) ... | £19 |
| ROUTUM | (IN OINTMENT) ... | £19 |
| JOINRHU | (IN OIL) ... | £19 |
| ABSSIL | (IN LOTION) ... | £19 |
| ITCSUL | (IN OIL) ... | £19 |
| WARTHU | (IN OIL) ... (WARTS) ... | £19 |

* HOMOEOPATHIC HEALTH CLINIC ... (ਹਰ ਆਰਡਰ ਨਾਲ £10 ...)

ਹਰ ਤਰ੍ਹਾਂ ਦੇ ਨਸ਼ਿਆਂ ਅਤੇ ਉਹਨਾਂ ਨਾਲ ਸਰੀਰ 'ਚ ਪਏ ਨੁਕਸਾਂ ਤੋਂ ਮੁਕੰਮਲ ਛੁਟਕਾਰਾ ਹੋਰ ਜਾਣਕਾਰੀ ਲਈ ਫੋਨ ਕਰੋ

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਦੇ ਆਧਾਰ 'ਤੇ ਹੀ ਦੁਨੀਆ ਵਿੱਚ ਖੁਸ਼ਹਾਲੀ ਸੰਭਵ: ਡਾ. ਕਮਲਜੀਤ ਸਿੰਘ ਟਿੱਬਾ

**ਸੰਗਰੂਰ,** ।ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਲੇਖਕ ਭਵਨ ਸੰਗਰੂਰ ਵਿਖੇ ਮਹੀਨਾਵਾਰ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸਿਰਮੌਰ ਪੰਜਾਬੀ ਸਾਹਿਤਕਾਰ ਡਾ. ਕਮਲਜੀਤ ਸਿੰਘ ਟਿੱਬਾ ਨਾਲ ਰੂਬਰੂ ਸਮਾਗਮ ਰਚਾਇਆ ਗਿਆ। ਡਾ. ਕਮਲਜੀਤ ਸਿੰਘ ਟਿੱਬਾ ਨੇ ਆਪਣੇ ਭਾਸ਼ਣ ਵਿੱਚ ਬੋਲਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਦੇ ਆਧਾਰ 'ਤੇ ਹੀ ਦੁਨੀਆ ਵਿੱਚ ਖੁਸ਼ਹਾਲੀ ਸੰਭਵ ਹੈ। ਉਨ੍ਹਾਂ ਨੇ ਕਿਹਾ ਕਿ ਬੇਸ਼ੱਕ ਸਾਹਿਤ ਦੀਆਂ ਬਹੁਤ ਸਾਰੀਆਂ ਵਿਧਾਵਾਂ ਪੰਜਾਬੀਆਂ ਵਿੱਚ ਮਕਬੂਲ ਹਨ ਪਰ ਗੀਤਕਾਰੀ ਇਕਲੌਤੀ ਅਜਿਹੀ ਵਿਧਾ ਹੈ, ਜਿਸ ਨੂੰ ਪੰਜਾਬੀਆਂ ਦੀ ਆਪਣੀ ਵਿਧਾ ਕਿਹਾ ਜਾ ਸਕਦਾ ਹੈ। ਮਹਾਨ ਛੰਦ ਸ਼ਾਸਤਰੀ ਜੰਗ ਸਿੰਘ ਫੱਟੜ ਨੇ ਕਿਹਾ ਕਿ ਜਨਮ ਤੋਂ ਲੈ ਕੇ ਮਰਨ ਤੱਕ ਜੀਵਨ ਦੇ ਹਰ ਪੜਾਅ 'ਤੇ ਮਨੁੱਖ ਦਾ ਛੰਦ ਨਾਲ ਬੜਾ ਅਟੁੱਟ ਰਿਸ਼ਤੇ ਬਣਿਆ ਰਹਿੰਦਾ ਹੈ, ਉਹ ਭਾਵੇਂ ਲੋਰੀ ਦੇ ਰੂਪ ਵਿੱਚ ਹੋਵੇ, ਭਾਵੇਂ ਘੋੜੀ ਜਾਂ ਕੀਰਨੇ ਦੇ ਰੂਪ ਵਿੱਚ। ਸਮਾਗਮ ਦੇ ਆਰੰਭ ਵਿੱਚ ਮੂਲ ਚੰਦ ਸ਼ਰਮਾ ਨੇ ਡਾ: ਕਮਲਜੀਤ ਸਿੰਘ ਟਿੱਬਾ ਦੀਆਂ ਸਾਹਿਤਕ ਅਤੇ ਸਮਾਜਿਕ ਗਤੀਵਿਧੀਆਂ ਸਬੰਧੀ ਜਾਣ ਪਛਾਣ



ਕਰਵਾਈ। ਸਭਾ ਦੇ ਪ੍ਰੈੱਸ ਸਕੱਤਰ ਪਵਨ ਕੁਮਾਰ ਹੋਸ਼ੀ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਮੂਲ ਚੰਦ ਸ਼ਰਮਾ, ਜੰਗ ਸਿੰਘ ਫੱਟੜ, ਸੁਖਵਿੰਦਰ ਸਿੰਘ ਫੁੱਲ, ਰਣਜੀਤ ਸਿੰਘ ਕਾਂਝਲਾ, ਕਰਮ ਸਿੰਘ ਜਖਮੀ, ਡਾ: ਕਮਲਜੀਤ ਸਿੰਘ ਟਿੱਬਾ, ਰਜਿੰਦਰ ਸਿੰਘ ਰਾਜਨ, ਸ਼ਸ਼ੀ ਬਾਲਾ, ਸੁਖਵਿੰਦਰ ਸਿੰਘ ਲੋਟੇ, ਸੁਰਜੀਤ ਸਿੰਘ ਮੌਜੀ, ਪਵਨ ਕੁਮਾਰ ਹੋਸ਼ੀ, ਬਲਜੀਤ ਬਾਂਸਲ, ਗੁਰਮੀਤ ਸਿੰਘ ਸੋਹੀ, ਗੋਬਿੰਦ ਸਿੰਘ ਤੂਰ ਬਨਜਾਰਾ, ਗੁਰਮੁੱਖ ਸਿੰਘ ਦਿਲਬਰ, ਕੁਲਵਿੰਦਰ ਸਿੰਘ, ਮੀਤ ਸਕਰੌਦੀ, ਜਗਦੇਵ ਸ਼ਰਮਾ ਧੂਰੀ, ਸੁਖਦੇਵ ਸਿੰਘ ਪੇਂਟਰ, ਜੰਗੀਰ ਸਿੰਘ ਰਤਨ, ਭੋਲਾ ਸਿੰਘ ਸੰਗਰਾਮੀ, ਹਨੀ ਸੰਗਰਾਮੀ, ਧਰਮੀ ਤੁੰਗਾਂ, ਧਰਮਵੀਰ, ਗੁਰੀ ਚੰਦੜ, ਸਰਬਜੀਤ ਸਿੰਘ ਸੰਗਰੂਰਵੀ, ਬਿੱਕਰ ਸਿੰਘ ਸਟੈਨੋ, ਸ਼ਿਵ ਕੁਮਾਰ ਅੰਬਾਲਵੀ, ਬਲਵੰਤ ਸਿੰਘ ਜੋਗਾ, ਲਾਭ ਸਿੰਘ ਝੱਮਟ, ਬਲਵੀਰ ਸਿੰਘ ਸੰਧੇ, ਭੁਪਿੰਦਰ ਨਾਗਪਾਲ , ਦਿਵਿਆਸ਼ ਖੁਰਾਣਾ, ਪਾਰਸ ਮਹਿਤਾ, ਰਾਜ ਰਾਣੀ, ਨੂਰਪ੍ਰੀਤ ਕੌਰ, ਸੁਖਨਦੀਪ ਕੌਰ, ਬਲਵੀਰ ਸਿੰਘ ਸੁਨਾਮ, ਮਨਜੀਤ ਕੌਰ ਸੰਧੂ, ਲਵਲੀ ਬਡਰੁੱਖਾਂ, ਗੁਰਪ੍ਰੀਤ ਸਿੰਘ ਸਹੋਤਾ, ਏਕਮਜੋਤ ਸਿੰਘ, ਪਰਮਜੀਤ ਕੌਰ, ਰੁਪਿੰਦਰ ਸਿਵਾਹੂ, ਆਤਿਫਾ ਅਤੇ ਸੁਖਮਨਪ੍ਰੀਤ ਆਦਿ ਕਵੀਆਂ ਨੇ ਹਿੱਸਾ ਲਿਆ।

ਉੱਘੇ ਗਜ਼ਲਗੋ ਸੁਖਵਿੰਦਰ ਸਿੰਘ ਲੋਟੇ ਨੇ ਗ਼ਜ਼ਲ ਵਰਕਸ਼ਾਪ ਕੀਤੀ। ਅੰਤ ਵਿੱਚ ਸਭਾ ਦੇ ਪ੍ਰਧਾਨ ਕਰਮ ਸਿੰਘ ਜ਼ਖ਼ਮੀ ਨੇ ਸਮੂਹ ਸਾਹਿਤਕਾਰਾਂ ਲਈ ਧੰਨਵਾਦੀ ਸ਼ਬਦ ਕਹੇ ਅਤੇ ਮੰਚ ਸੰਚਾਲਨ ਦੀ ਭੂਮਿਕਾ ਰਜਿੰਦਰ ਸਿੰਘ ਰਾਜਨ ਨੇ ਬਾਖ਼ੂਬੀ ਨਿਭਾਈ।






## ਅਕਸਰ ਵਪਾਰੀ ਡਰਪੋਕ ਹੁੰਦੇ ਨੇ..........!

ਭਾਰਤ ਵਿੱਚ ਬਾਣੀਆਂ ਕੌਮ ਹੁੰਦੀ ਵਪਾਰੀ, ਉਨ੍ਹਾਂ ਬਾਰੇ ਮਿੱਥ ਹੁੰਦੀ, ਡਰਪੋਕ ਹੁੰਦੇ ਨੇ। ਪਰ ਉਨ੍ਹਾਂ ਨੂੰ ਜਦੋਂ, ਕੋਈ ਹੱਦੋਂ ਵੱਧ ਡਰਾਵੇ, ਉਸਨੂੰ ਠੋਕ ਦਿੰਦੇ ਨੇ। ਬਹੁਤਾ ਕਿਸੇ ਨੂੰ, ਡਰਾਓ ਨਾ, ਕਿਤੇ ਉਸਦੇ ਸਬਰ ਦੀ, ਹੱਦ ਟੁੱਟ ਜਾਵੇ। ਡਰਨ ਵਾਲਾ,ਕਈ ਵਾਰੀ ਜ਼ਾਲਮ ਦੇ, ਵੀ ਛੱਕੇ ਛੁੜਾਵੇ।ਬਹਾਦਰ ਕੌਮਾਂ ਅੰਦਰ, ਵੀ ਰੱਬ ਦਾ ਭੈਅ ਹੁੰਦਾ, ਦੁਸ਼ਮਣ ਦੀਆਂ ਫੌਜਾਂ, ਦੇ ਆਹੂ ਲਾਉਂਦੀਆਂ।ਸਵਾ-ਲੱਖ ਨਾਲ, ਇੱਕ ਲੜਾ ਕੇ, ਬਹਾਦਰੀ ਦੇ ਜੌਹਰ ਦਿਖਾਉਂਦੀਆਂ।

ਅਕਸਰ ਵਪਾਰੀ ਡਰਪੋਕ ਹੁੰਦੇ ਨੇ.........!

ਅਮਰੀਕਾ ਦਾ ਰਾਸ਼ਟਰਪਤੀ ਟਰੰਪ, ਵਪਾਰਕ ਕੰਪਨੀ ਦਾ ਮੋਢੀ। ਜੰਗ ਦੇ ਮੈਦਾਨ ਵਿੱਚ, ਪੈਰ ਪਿੱਛੇ ਖਿੱਚਦਾ, ਕਿਤੇ ਲੱਗ ਨਾ ਜਾਵੇ ਗੋਡੀ।

ਇਜ਼ਰਾਈਲ ਦੇਸ ਵੀ, ਯਹੂਦੀ ਵਪਾਰੀਆਂ ਦਾ, ਪਹਿਲਾਂ-ਪਹਿਲ, ਯੁੱਧ ਕਰਨ ਤੋਂ ਸੀ ਡਰਦਾ।ਇਸਲਾਮੀ ਦੇਸ਼ਾਂ ਦੇ ਲੁਟੇਰਿਆਂ ਤੋਂ ਆਪਣੇ ਬਚਾਉ ਲਈ ਸੁਰੱਖਿਆ ਸੀ ਕਰਦਾ। ਜਦੋਂ ਅੱਤ ਹੋਈ ਅਤੰਕੀਆਂ ਦੀ, ਅਤੀ ਆਧੁਨਿਕ ਤਕਨੀਕ ਨਾਲ ਉਨ੍ਹਾਂ ਦੀਆਂ ਉਡਾਈਆਂ ਧੱਜੀਆਂ। ਬਰਾਬਰ ਦੇ ਕੈਦੀ,ਵਾਪਸ ਕਰਵਾ ਕੇ, ਸ਼ਾਂਤੀ ਦੀਆਂ ਮਹਿਫਲਾਂ ਸਜੀਆਂ।

ਅਕਸਰ ਵਪਾਰੀ ਡਰਪੋਕ ਹੁੰਦੇ ਨੇ.......!

ਇਸੇ ਤਰ੍ਹਾਂ ਦੀ ਸੱਚੀ ਗੱਲ, ਮੈਂ ਆਪਣੇ ਪਿੰਡ ਵਿੱਚ ਦੇਖੀ। ਸਾਂਸੀ ਜਾਤ ਦਾ ਬੰਦਾ ਸੀ, ਬਾਣੀਏ ਦਾ ਭੇਤੀ।ਇੱਕ ਸ਼ਾਮ ਨੂੰ,ਸ਼ਹਿਰ ਤੋਂ ਆਉਂਦਿਆਂ, ਰਾਹ ਵਿੱਚ ਘੇਰ ਲਿਆ। ਬਾਣੀਆਂ ਚੜਿਆ ਦਰਖਤ ਤੇ, ਉੱਪਰੋਂ ਛਾਲ ਮਾਰੀ, ਸਾਂਸੀ ਡੇਗ ਲਿਆ। ਦੱਬ ਕੇ ਉਸਨੂੰ ਕੁੱਟਿਆ, ਨਾਲੇ ਪੁਲਿਸ ਨੂੰ ਫੜਾ ਦਿੱਤਾ। ਤੌਬਾ ਤੌਬਾ ਕਰਕੇ, ਸਾਂਸੀ ਪਿੰਡ ਛੱਡਗੇ, ਨਵਾਂ ਕਿੱਤਾ ਆਪਣਾ ਲਿੱਤਾ।

ਅਕਸਰ ਵਪਾਰੀ ਡਰਪੋਕ ਹੁੰਦੇ ਨੇ... ...!






**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639 ਸੈਕਟਰ 40ਏ ਚੰਡੀਗੜ੍ਹ -160036 ਫੋਨ ਨੰਬਰ : 9878469639**

# ਖੁਸ਼ਖਬਰੀ: ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡਾ ਅੰਮ੍ਰਿਤਸਰ ਸਲਾਨਾ 35 ਲੱਖ ਯਾਤਰੀਆਂ ਦੀ ਸੂਚੀ 'ਚ ਸ਼ਾਮਲ

ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮ ਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਨੇ 31 ਮਾਰਚ ਨੂੰ ਖਤਮ ਹੋਏ ਵਿੱਤੀ ਵਰ੍ਹੇ 2024-25 ਦੌਰਾਨ 3.5 ਮਿਲੀਅਨ (35-ਲੱਖ) ਯਾਤਰੀਆਂ ਦੀ ਗਿਣਤੀ ਨੂੰ ਪਾਰ ਕਰਕੇ ਇੱਕ ਨਵਾਂ ਰਿਕਾਰਡ ਕਾਇਮ ਕੀਤਾ ਹੈ। ਇਸ ਹਵਾਈ ਅੱਡੇ ਦੇ ਹਵਾਈ ਸੰਪਰਕ ਨੂੰ ਵਧਾਉਣ ਅਤੇ ਉਤਸ਼ਾਹਿਤ ਕਰਨ ਲਈ ਯਤਨਸ਼ੀਲ ਗਲੋਬਲ ਐਡਵੋਕੇਸੀ ਗਰੁੱਪ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਇਸ ਸੰਬੰਧੀ ਵਿਸਤ੍ਰਿਤ ਜਾਣਕਾਰੀ ਸਾਂਝੀ ਕੀਤੀ ਹੈ। ਅੰਮ੍ਰਿਤਸਰ ਹਵਾਈ ਅੱਡੇ ਅਤੇ ਪੰਜਾਬ ਲਈ ਇਸ ਮਾਣ ਵਾਲੀ ਪ੍ਰਾਪਤੀ ਬਾਰੇ ਜਾਣਕਾਰੀ ਦਿੰਦੇ ਹੁੰਦੇ ਹੋਏ ਗੁਮਟਾਲਾ ਨੇ ਦੱਸਿਆ ਕਿ ਮਾਰਚ 2025 ਲਈ ਏਅਰਪੋਰਟ ਅਥਾਰਟੀ ਆਫ ਇੰਡੀਆ ਦੁਆਰਾ ਜਾਰੀ ਕੀਤੇ ਗਏ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਇਹ ਤੱਥ ਸਾਹਮਣੇ ਆਏ ਹਨ ਕਿ ਅੰਮ੍ਰਿਤਸਰ ਹਵਾਈ ਅੱਡੇ ਤੋਂ ਵਿੱਤੀ ਸਾਲ 2024-25 (1 ਅਪ੍ਰੈਲ 2024 ਤੋਂ 31 ਮਾਰਚ 2025) ਦੌਰਾਨ 35,42,880 ਯਾਤਰੀਆਂ ਨੇ ਹਵਾਈ ਸਫਰ ਕੀਤਾ। ਇਸ ਵਿੱਚ 11,53,461 ਅੰਤਰਰਾਸ਼ਟਰੀ ਅਤੇ 23,89,419 ਘਰੇਲੂ ਯਾਤਰੀ ਸ਼ਾਮਲ ਹਨ। ਇਹ ਅੰਕੜੇ ਪਿਛਲੇ ਵਿੱਤੀ ਸਾਲ ਦੇ ਮੁਕਾਬਲੇ 14.8% ਪ੍ਰਤੀਸ਼ਤ ਵੱਧ ਹਨ, ਜਦ ਇੱਥੋਂ ਕੁੱਲ 30.86 ਲੱਖ ਯਾਤਰੀਆਂ ਨੇ ਉਡਾਣ ਭਰੀ ਸੀ। ਪਿਛਲੇ ਵਿੱਤੀ ਸਾਲ ਦੇ ਮੁਕਾਬਲੇ ਅੰਤਰਰਾਸ਼ਟਰੀ ਯਾਤਰੀਆਂ ਦੀ ਗਿਣਤੀ ਵਿੱਚ ਇਸ ਸਾਲ 17.5% ਅਤੇ ਘਰੇਲੂ ਯਾਤਰੀਆਂ ਵਿੱਚ 13.6% ਦਾ ਵਾਧਾ ਹੋਇਆ ਹੈ।



ਇਨੀਸ਼ੀਏਟਿਵ ਵੱਲੋਂ ਬੀਤੇ ਕਈ ਸਾਲਾਂ ਦੇ ਅੰਕੜਿਆਂ ਦੇ ਵਿਸਤ੍ਰਿਤ ਵਿਸ਼ਲੇਸ਼ਣ ਤੋਂ ਸਾਹਮਣੇ ਆਏ ਉਤਸ਼ਾਹਜਨਕ ਨਤੀਜਿਆਂ 'ਤੇ ਖੁਸ਼ੀ ਜ਼ਾਹਰ ਕਰਦਿਆਂ ਗੁਮਟਾਲਾ ਨੇ ਹਵਾਈ ਅੱਡੇ ਦੇ ਇਤਿਹਾਸ ਵਿੱਚ ਇੱਕ ਹੋਰ ਨਵੇਂ ਮੀਲ ਪੱਥਰ ਦਾ ਖੁਲਾਸਾ ਕੀਤਾ। ਉਹਨਾਂ ਦੱਸਿਆ ਕਿ ਮਾਰਚ 2025 ਵਿੱਚ ਕਿਸੇ ਵੀ ਮਹੀਨੇ ਵਿੱਚ ਹੁਣ ਤੱਕ ਦੀ ਸਭ ਤੋਂ ਵੱਧ 3.43 ਲੱਖ ਯਾਤਰੀਆਂ ਦੀ ਆਵਾਜਾਈ ਦਰਜ ਕੀਤੀ ਗਈ, ਜਿਸ ਨੇ ਦਸੰਬਰ 2024 ਵਿੱਚ ਦਰਜ ਕੀਤੀ ਗਈ 3.40 ਲੱਖ ਦੀ ਸਭ ਤੋਂ ਵੱਧ ਦੀ ਗਿਣਤੀ ਨੂੰ ਮਾਤ ਦੇ ਦਿੱਤੀ ਹੈ। ਇਸ ਵਿੱਚ 2,31,756 ਘਰੇਲੂ ਅਤੇ 1,11,628 ਅੰਤਰਰਾਸ਼ਟਰੀ ਯਾਤਰੀ ਸਨ ਅਤੇ ਇਹ ਗਿਣਤੀ ਮਾਰਚ 2024 ਦੇ ਮੁਕਾਬਲੇ 8.5% ਵੱਧ ਹੈ।

ਗੁਮਟਾਲਾ ਨੇ ਕਿਹਾ ਕਿ ਯਾਤਰੀਆਂ ਦੀ ਗਿਣਤੀ 'ਚ ਵਾਧਾ, ਨਵੀਆਂ ਅੰਤਰਰਾਸ਼ਟਰੀ ਅਤੇ ਘਰੇਲੂ ਉਡਾਣਾਂ ਦੇ ਸ਼ੁਰੂ ਹੋਣ, ਪਹਿਲਾਂ ਤੋਂ ਹੀ ਸੰਚਾਲਨ ਕੀਤੀਆਂ ਜਾ ਰਹੀਆਂ ਉਡਾਣਾਂ ਦੀ ਗਿਣਤੀ 'ਚ ਵਾਧੇ ਅਤੇ ਵਧੇਰੇ ਯਾਤਰੀਆਂ ਵੱਲੋਂ ਅੰਮ੍ਰਿਤਸਰ ਲਈ ਇਹਨਾਂ ਉਡਾਣਾਂ ਨੂੰ ਤਰਜੀਹ ਦੇਣ ਕਾਰਨ ਸੰਭਵ ਹੋਇਆ ਹੈ। ਅੰਮ੍ਰਿਤਸਰ ਤੋਂ ਹਰ ਰੋਜ਼ ਔਸਤਨ 65 ਉਡਾਣਾਂ ਦੀ ਆਮਦ ਤੇ ਰਵਾਨਗੀ ਹੁੰਦੀ ਹੈ, ਜਿਸ ਵਿੱਚ ਲਗਭਗ 21 ਤੋਂ 23 ਅੰਤਰਰਾਸ਼ਟਰੀ ਅਤੇ 41 ਤੋਂ 43 ਘਰੇਲੂ ਉਡਾਣਾਂ ਹਨ। ਵਰਤਮਾਨ ਵਿੱਚ ਅੰਮ੍ਰਿਤਸਰ ਦਾ ਹਵਾਈ ਸੰਪਰਕ ਦੁਬਈ, ਸ਼ਾਰਜਾਹ, ਦੋਹਾ, ਰੋਮ, ਮਿਲਾਨ, ਲੰਡਨ ਗੈਟਵਿਕ, ਬਰਮਿੰਘਮ, ਸਿੰਗਾਪੁਰ, ਕੁਆਲਾਲੰਪੁਰ ਅਤੇ ਬੈਂਕਾਕ ਸਣੇ10 ਅੰਤਰਰਾਸ਼ਟਰੀ ਹਵਾਈ ਅੱਡਿਆਂ ਨਾਲ ਜੁੜਿਆ ਹੋਇਆ ਹੈ।

ਯਾਤਰੀਆਂ ਦੀ ਗਿਣਤੀ 'ਚ ਵਾਧੇ ਦੇ ਬਾਵਜੂਦ, ਗੁਮਟਾਲਾ ਨੇ ਨਾਲ ਹੀ ਗਿਲਾ ਵੀ ਪ੍ਰਗਟ ਕੀਤਾ ਕਿ ਪੰਜਾਬ ਦੀ 'ਆਪ' ਸਰਕਾਰ ਨੇ ਪੰਜਾਬ ਦੇ ਹੋਰ ਸ਼ਹਿਰਾਂ ਨਾਲ ਬੱਸ ਸੇਵਾ ਸ਼ੁਰੂ ਕਰਨ ਦੀ ਲੰਮੇ ਸਮੇਂ ਤੋਂ ਮੰਗ ਨੂੰ ਅਜੇ ਤੱਕ ਪੂਰਾ ਨਹੀਂ ਕੀਤਾ ਹੈ। ਉਨ੍ਹਾਂ ਨਿਰਾਸ਼ਾ ਪ੍ਰਗਟ ਕੀਤੀ ਕਿ ਬੱਸ ਸੇਵਾ ਸ਼ੁਰੂ ਕਰਨ ਦੀ ਬਜਾਏ ਪੰਜਾਬ ਦੀ ਸੂਬਾ ਸਰਕਾਰ ਪੰਜਾਬ ਦੇ ਸ਼ਹਿਰਾਂ ਤੋਂ ਦਿੱਲੀ ਹਵਾਈ ਅੱਡੇ ਤੱਕ ਬੱਸ ਸੰਪਰਕ ਨੂੰ ਵਧਾ ਅਤੇ ਉਤਸ਼ਾਹਤ ਕਰ ਰਹੀ ਹੈ।



# ਡਿਪਟੀ ਸਪੀਕਰ ਨੇ ਕੀਤਾ 41.4 ਲੱਖ ਰੁਪਏ ਦੀ ਲਾਗਤ ਨਾਲ ਸਰਕਾਰੀ ਸਕੂਲਾਂ ਦੇ ਵਿਕਾਸ ਕਾਰਜਾਂ ਦਾ ਉਦਘਾਟਨ

## ਕਿਹਾ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਹੋ ਰਹੀ ਸਰਕਾਰੀ ਸਕੂਲਾਂ ਦੀ ਕਾਇਆਕਲਪ




**ਗੜ੍ਹਸ਼ੰਕਰ/ਹੁਸ਼ਿਆਰਪੁਰ : (ਬਲਵੀਰ ਚੌਂਪੜਾ )** ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਸਰਕਾਰੀ ਸਕੂਲਾਂ ਦੇ ਵਿਕਾਸ ਕੰਮਾਂ ਨੂੰ ਨਵੀਂ ਦਿਸ਼ਾ ਮਿਲ ਰਹੀ ਹੈ। ਇਸ ਕੜੀ ਵਿਚ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਅੱਜ ਗੜ੍ਹਸ਼ੰਕਰ ਵਿਧਾਨ ਸਭਾ ਹਲਕੇ ਦੇ ਵੱਖ-ਵੱਖ ਸਕੂਲਾਂ ਵਿਚ 41.4 ਲੱਖ ਰੁਪਏ ਦੀ ਲਾਗਤ ਨਾਲ ਨਿਰਮਾਣ ਕੰਮਾਂ ਦਾ ਉਦਘਾਟਨ ਕੀਤਾ। ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਨੇ ਸਰਕਾਰੀ ਪ੍ਰਾਇਮਰੀ ਸਕੂਲ ਟੂਟੋਮਜਾਰਾ, ਪ੍ਰਾਇਮਰੀ ਸਕੂਲ ਮੇਘੋਵਾਲ ਦੋਆਬਾ, ਮਿਡਲ ਸਕੂਲ ਮੁਗੋਵਾਲ, ਮਿਡਲ ਸਕੂਲ ਲੰਗੇਰੀ ਅਤੇ ਸੀਨੀਅਰ ਸੈਕੰਡਰੀ ਸਕੂਲ ਮਾਹਿਲਪੁਰ ਵਿਚ ਨਵੇਂ ਕਲਾਸ ਰੂਮ, ਚਾਰਦੀਵਾਰੀ, , ਪੀਣ ਵਾਲੇ ਪਾਣੀ ਦੀ ਵਿਵਸਥਾ ਅਤੇ ਹੋਰ ਬੁਨਿਆਦੀ ਸਹੂਲਤਾਂ ਦਾ ਉਦਘਾਟਨ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਨੂੰ ਨਿੱਜੀ ਸਕੂਲਾਂ ਤੋਂ ਬਿਹਤਰ ਬਣਾਉਣ ਦੇ ਸੰਕਲਪ ਨਾਲ ਕੰਮ ਕਰ ਰਹੀ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਰਾਜ ਸਰਕਾਰ ਬੱਚਿਆਂ ਨੂੰ ਗੁਣਵੱਤਾਪੂਰਨ ਸਿੱਖਿਆ ਪ੍ਰਦਾਨ ਕਰਨ ਲਈ ਵਚਨਬੱਧ ਹੈ। ਸਾਡਾ ਉਦੇਸ਼ ਹੈ ਕਿ ਪੇਂਡੂ ਹਲਕਿਆਂ ਦੇ ਬੱਚਿਆਂ ਨੂੰ ਵੀ ਬਿਹਤਰ ਵਿਦਿਅਕ ਮਾਹੌਲ ਮਿਲੇ ਤਾਂ ਜੋ ਉਹ ਆਤਮਵਿਸ਼ਵਾਸ ਨਾਲ ਅੱਗੇ ਵੱਧ ਸਕਣ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿਕਾਸ ਕੰਮਾਂ ’ਤੇ ਲੱਖਾਂ ਰੁਪਏ ਦੀ ਲਾਗਤ ਆਈ ਹੈ ਅਤੇ ਇਸ ਦਾ ਮਕਸਦ ਵਿਦਿਆਰਥੀਆਂ ਲਈ ਸੁਰੱਖਿਅਤ, ਸਿਹਤਮੰਦ ਅਤੇ ਅਨੁਕੂਲ ਵਿਦਿਅਕ ਵਾਤਾਵਰਣ ਯਕੀਨੀ ਬਣਾਉਣਾ ਹੈ। ਰੌੜੀ ਨੇ ਸਕੂਲ ਪ੍ਰਬੰਧਨ, ਅਧਿਆਪਕਾਂ ਅਤੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਸੁਵਿਧਾਵਾਂ ਨੂੰ ਸੁਰੱਖਿਅਤ ਰੱਖਣ ਅਤੇ ਬੱਚਿਆਂ ਨੂੰ ਸਿੱਖਿਆ ਲਈ ਪ੍ਰੇਰਿਤ ਕਰਨ। ਪ੍ਰੋਗਰਾਮ ਵਿਚ ਸਿੱਖਿਆ ਵਿਭਾਗ ਦੇ ਅਧਿਕਾਰੀ, ਪੰਚਾਇਤ ਪ੍ਰਤੀਨਿੱਧੀ, ਅਧਿਆਪਕ, ਵਿਦਿਆਰਥੀ ਅਤੇ ਸਥਾਨਕ ਲੋਕ ਵੱਡੀ ਗਿਣਤੀ ਵਿਚ ਮੌਜੂਦ ਸਨ।

# ਸੰਤ ਰਾਮਾਨੰਦ ਜੀ ਦੇ ਸ਼ਹੀਦੀ ਸਮਾਗਮ ਵਿੱਚ ਹਾਜ਼ਰ ਹੋਈ ਬਸਪਾ ਲੀਡਰਸ਼ਿਪ

## ਸਮਾਜ ਦੇ ਉਥਾਨ ਲਈ ਸੰਤ ਰਾਮਾਨੰਦ ਜੀ ਵੱਲੋਂ ਕੀਤੇ ਕਾਰਜਾਂ ਨੂੰ ਚੇਤੇ ਕੀਤਾ ਗਿਆ



**ਜਲੰਧਰ।** ਡੇਰਾ ਸੱਚਖੰਡ ਬੱਲਾਂ ਵਿਖੇ ਅੱਜ ਸੰਤ ਰਾਮਾਨੰਦ ਜੀ ਦੇ ਸ਼ਹੀਦੀ ਸਮਾਗਮ ਵਿੱਚ ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਸਮੇਤ ਬਸਪਾ ਲੀਡਰਸ਼ਿਪ ਨੇ ਹਾਜਰੀ ਲਗਾਈ ਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਸੰਤ ਰਾਮਾਨੰਦ ਜੀ ਵੱਲੋਂ ਸਮਾਜ ਦੇ ਉਥਾਨ ਲਈ ਕੀਤੇ ਕਾਰਜ ਹਮੇਸ਼ਾ ਚੇਤੇ ਕੀਤੇ ਜਾਂਦੇ ਰਹਿਣਗੇ। ਉਨ੍ਹਾਂ ਨੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀ ਬਾਣੀ ਨੂੰ ਜਨ ਜਨ ਤੱਕ ਪਹੁੰਚਾਉਣ ਲਈ ਬਹੁਤ ਕੰਮ ਕੀਤਾ। ਉਹ ਇੱਕ ਕ੍ਰਾਂਤੀਕਾਰੀ ਸੰਤ ਸਨ। ਇਸ ਕਰਕੇ ਉਨ੍ਹਾਂ ਨੂੰ ਹਮੇਸ਼ਾ ਯਾਦ ਕੀਤਾ ਜਾਂਦਾ ਹੈ। ਇਸ ਮੌਕੇ ਉਨ੍ਹਾਂ ਨਾਲ ਬਸਪਾ ਦੇ ਸੂਬਾ ਜਨਰਲ ਸਕੱਤਰ ਐਡਵੋਕੇਟ ਬਲਵਿੰਦਰ ਕੁਮਾਰ, ਸ਼ਾਦੀ ਲਾਲ ਬੱਲਾਂ, ਅਮਰਜੀਤ ਸਿੰਘ ਨੰਗਲ, ਪਰਮਜੀਤ ਮੰਨਣ, ਹਰੀਸ਼ ਮੰਨਣ, ਗਿਆਨ ਚੰਦ ਕਰਤਾਰਪੁਰ ਤੇ ਬੱਬੂ ਬਾਠ ਵੀ ਹਾਜ਼ਰ ਸਨ।



# ਡਾ. ਅੰਬੇਡਕਰ ਵੈੱਲਫੇਅਰ ਕਲੱਬ ਰਜਿ ਸਾਹਲੋਂ ਵਲੋਂ ਹੋਣਹਾਰ ਬੱਚਿਆਂ ਦਾ ਸਨਮਾਨ ਕੀਤਾ



**ਬੰਗਾ (ਚਰਨਜੀਤ ਸੱਲ੍ਹਾਂ )** ਡਾ. ਅੰਬੇਡਕਰ ਵੈੱਲਫੇਅਰ ਕਲੱਬ ਰਜਿ ਸਾਹਲੋਂ ਵਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਾਹਲੋਂ ( ਸ. ਭ. ਸ. ਨਗਰ) ਦੇ ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

ਦਸਵੀਂ ਜਮਾਤ ਦੇ ਸਨਮਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਵਿੱਚ ਸ੍ਰੀ ਸਾਹਿਲ ਗੰਗੜ ਪੁਤਰ ਸ੍ਰੀ ਸਤਨਾਮ ਰਾਮ ਨੇ ਪਹਿਲਾ, ਕੁ. ਮਾਨਸੀ ਪੁਤਰੀ ਸ੍ਰੀ ਕਰਨੈਲ ਸਿੰਘ ਨੇ ਦੂਜਾ ਅਤੇ ਕੁ. ਸੁਨੈਨਾ ਪੁਤਰੀ ਸ੍ਰੀ ਵੀਰੂ ਨੇ ਤੀਜਾ ਸਥਾਨ ਹਾਸਲ ਕੀਤਾ ਜਦਕਿ ਬਾਰਵੀਂ ਜਮਾਤ ਦੀ ਕੁ ਅਮਨਦੀਪ ਕੌਰ ਪੁੱਤਰੀ ਸ਼੍ਰੀ ਦਿਲਬਾਗ ਸਿੰਘ ਨੇ ਪਹਿਲਾ, ਕੁ. ਨੇਹਾ ਪੁਤਰੀ ਸ੍ਰੀ ਸੁੰਦਰ ਨੇ ਦੂਜਾ ਅਤੇ ਕੁ. ਰਚਨਾ ਦੇਵੀ ਪੁਤਰੀ ਸ੍ਰੀ ਲਖਵੀਰ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਇਸ ਮੌਕੇ ਤੇ ਸੰਖੇਪ ਸਮਾਗਮ ਵਿੱਚ ਬੋਲਦਿਆਂ ਪ੍ਰਿੰਸੀਪਲ ਸ੍ਰੀ ਮਤੀ ਅਲਕਾ ਦੇਵੀ ਜੀ ਨੇ ਕਲੱਬ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਬੱਚਿਆਂ ਨੂੰ ਵੱਧ ਤੋਂ ਵੱਧ ਸਖ਼ਤ ਮਿਹਨਤ ਕਰਨ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਬੱਚਿਆਂ ਨੂੰ ਦੋਸਤਾਨਾ ਭਾਵਨਾ ਨਾਲ ਇਸ ਮੁਕਾ-ਬਲੇ ਨੂੰ ਜਿੱਤਣ ਲਈ ਅੱਗੇ ਆਉਣ ਦੀ ਲੋੜ ਤੇ ਜੋਰ ਦਿੱਤਾ। ਉਨ੍ਹਾਂ ਵਿਦਿਆ ਅਤੇ ਖੇਡਾਂ ਦੇ ਖੇਤਰ ਵਿੱਚ ਸਕੂਲ ਦੀਆਂ ਪ੍ਰਾਪਤੀਆਂ ਦਾ ਵੀ ਵਰਨਣ ਕੀਤਾ। ਕਲੱਬ ਦੇ ਪ੍ਰਧਾਨ ਸ੍ਰੀ ਸੱਤ ਪਾਲ ਸਾਹਲੋਂ ਨੇ ਸਭਨਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਹ ਸਨਮਾਨ ਕਰਨ ਦੀ ਪਿਰਤ ਅਗਾਂਹ ਵੀ ਇਸੇ ਤਰ੍ਹਾਂ ਜਾਰੀ ਰਹੇਗੀ।

ਕਲੱਬ ਵੱਲੋਂ ਪਹਿਲਾਂ ਵੀ ਪਹਿਲੀ ਜਮਾਤ ਤੋਂ ਲੈ ਕੇ ਸਾਰੀਆਂ ਜਮਾਤਾਂ ਦੇ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ।ਇਸ ਮੌਕੇ ਤੇ ਕਲੱਬ ਮੈਂਬਰਾਂ ਵਿੱਚ ਸਰਵਸ਼੍ਰੀ ਸੱਤ ਪਾਲ ਸਾਹਲੋਂ, ਗੁਰਪ੍ਰੀਤ ਸਿੰਘ ਬੱਬਾ ਪ੍ਰਧਾਨ ਸੇਵਾ ਸੁਸਾਇਟੀ ਸਾਹਲੋਂ, ਜਸਵੰਤ ਸਿੰਘ ਪੱਪੀ, ਜਸਵਿੰਦਰ ਸਿੰਘ ਭੱਟੀ, ਗੁਰਸ਼ਰਨ ਸਿੰਘ ਭੱਟੀ, ਮੱਖਣ ਸਿੰਘ ਤੇ ਅਮਨਦੀਪ ਸਿੰਘ ਸੱਲ੍ਹਣ ਹਾਜ਼ਰ ਸਨ ਜਦ ਕਿ ਸਕੂਲ ਸਟਾਫ਼ ਵਿੱਚੋਂ ਸਰਵਸ਼੍ਰੀ ਰਾਜਵਿੰਦਰ ਲਾਖਾ, ਹਰਮਿੰਦਰ ਸਿੰਘ ਉਪਲ, ਬਲਵਿੰਦਰ ਕੁਮਾਰ, ਵਰਿੰਦਰਜੀਤ ਸਿੰਘ, ਅਰੁਣ ਕੁਮਾਰ, ਲਖਵਿੰਦਰ ਸਿੰਘ, ਮਨਜੀਤ ਰਾਮ ਅਤੇ ਅਮਰਜੀਤ ਕੌਰ ਜਿੰਦ, ਊਸ਼ਾ, ਸੂਜਨ, ਰੀਨਾ, ਪੂਨਮ, ਜਸਵੀਰ ਕੌਰ, ਹਰਦੀਪ ਕੌਰ ਆਦਿ ਨੇ ਹਾਜ਼ਰੀ ਭਰੀ।ਸਟੇਜ ਸਕੱਤਰ ਦੀ ਭੂਮਿਕਾ ਸ੍ਰੀ ਜਸਵਿੰਦਰ ਸਿੰਘ ਨਾਹਰ ਲੈਕਚਰਾਰ ਨੇ ਬਾਖ਼ੂਬੀ ਨਿਭਾਈ।

# ਬਾਬਾ ਬਾਲਾ ਪੀਰ ਜੀ ਦਾ ਸਲਾਨਾ ਜੋੜ ਮੇਲਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ




ਵਿਸ਼ਲ ਸੱਭਿਆਚਾਰਕ ਸਲਾਨਾ ਜੋੜ ਮੇਲਾ ਬਾਬਾ ਬਾਲਾ ਪੀਰ ਜੀ ਦਾ ਪਿੰਡ ਸਰਹਾਲ ਕਾਜ਼ੀਆਂ ਵਿਖੇ ਨਗਰ ਨਿਵਾਸੀਆਂ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ, ਮੇਲੇ ਦੇ ਪਹਿਲੇ ਦਿਨ ਸ਼ਾਮ 4 ਵਜੇ ਝੰਡੇ ਦੀ ਰਸਮ ਹੋਈ ਉਪਰੰਤ 5 ਵਜੇ ਨਕਲਾਂ ਦਾ ਪ੍ਰੋਗਰਾਮ ਕਰਵਾਇਆ ਗਿਆ, ਮੇਲੇ ਦੇ ਦੂਸਰੇ ਦਿਨ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ ਜਿਸ 'ਚ ਪ੍ਰਸਿੱਧ ਗਾਇਕ ਭੈਣਾਂ ਕੌਰ ਸਿਸਟਰਜ਼ ਪ੍ਰਮੀਤ ਕੌਰ ਹਰਮੀਤ ਕੌਰ ਵਲੋਂ ਆਪਣੇ ਗਾਏ ਹਿੱਟ ਗੀਤ ਗਾਕੇ ਸੰਗਤਾਂ ਦੀ ਵਾਹ ਵਾਹ ਖਟੀ ਇਹਨਾਂ ਤੋਂ ਉਪਰੰਤ ਹਰਮਨ ਜਰਮਨ,ਮਨਮੋਹਣ ਭੱਟੀ ਸੀਮਾ ਭੱਟੀ ਤੇ ਹੋਰ ਗਾਇਕਾ ਨੇ ਵੀ ਦਾਤਾ ਜੀ ਦੀ ਮਹਿਮਾਂ ਦਾ ਗੁਣਗਾਣ ਕੀਤਾ, ਇਸ ਮੌਕੇ ਚਾਹ ਪਕੌੜਿਆ ਦੇ ਲੰਗਰ ਅਤੇ ਦਾਤਾ ਜੀ ਦੇ ਲੰਗਰ ਅਟੁੱਟ ਵਰਤਾਏ ਗਏ,ਇਹ ਮੇਲਾ ਪ੍ਰਬੰਧਕ ਕਮੇਟੀ ( ਰਜਿ ) ਗ੍ਰਾਮ ਪੰਚਾਇਤ ਪਿੰਡ ਸਰਹਾਲ ਕਾਜ਼ੀਆਂ ਸਮੂਹ ਨਗਰ ਨਿਵਾਸੀਆਂ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ।

# ਚਾਚੋਵਾਲ ਵਿਖੇ ਸੰਤ ਰਾਮਾਨੰਦ ਜੀ ਦੇ ਸ਼ਹੀਦੀ ਦਿਵਸ 'ਤੇ ਛਬੀਲ ਲਾਈ ਗਈ

## ਸੰਤ ਰਾਮਾਨੰਦ ਇਕ ਕ੍ਰਾਂਤੀਕਾਰੀ ਸੰਤ ਸਨ-ਐਡਵੋਕੇਟ ਬੈਂਸ

**ਜਲੰਧਰ (ਪਰਮਜੀਤ ਜੱਸਲ)**-ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਚਾਚੋਵਾਲ ਜਲੰਧਰ ਕੈਂਟ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕੌਮ ਦੇ ਸ਼ਹੀਦ ਸੰਤ ਰਾਮਾਨੰਦ ਜੀ ਦੀ ਯਾਦ ਵਿੱਚ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ 'ਤੇ ਐਡਵੋਕੇਟ ਰਾਜ ਕੁਮਾਰ ਵਾਇਸ ਪ੍ਰਧਾਨ ਨੇ ਸੰਤ ਰਾਮਾਨੰਦ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਸੰਤ ਰਾਮਾਨੰਦ ਜੀ ਇੱਕ ਕ੍ਰਾਂਤੀਕਾਰੀ ਸੰਤ ਸਨ। ਜਿਨਾਂ ਦੇ ਹਿਰਦੇ ਵਿੱਚ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਅਤੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੀ ਵਿਚਾਰਧਾਰਾ ਭਰੀ ਪਈ ਸੀ। ਜਿਸ ਕਰਕੇ ਸੰਤ ਰਾਮਾਨੰਦ ਜੀ ਗੁਰੂਆਂ ਦਾ ਮਿਸ਼ਨ ਘਰ ਘਰ ਤੱਕ ਪਹੁੰਚਾ ਰਹੇ ਸਨ। ਸਮਾਜ ਦੇ ਲੋਕਾਂ ਨੂੰ ਜਾਗਰਿਤ ਕਰ ਰਹੇ ਸਨ ਅਤੇ ਹੋਕਾ ਦੇ ਰਹੇ ਸਨ ਕਿ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਓ, ਹਰ ਪ੍ਰਕਾਰ ਦੇ ਨਸ਼ੇ ਤੋਂ ਦੂਰ ਰਹੋ, ਆਪਣੇ ਮਾਪਿਆਂ ਦਾ ਸਤਿਕਾਰ ਕਰੋ। ਜਿਸ ਨਾਲ ਸਾਡਾ ਸਮਾਜ



ਬਰਾਬਰ ਹੋ ਕੇ ਉੱਚ ਅਹੁਦੇ ਤੇ ਪਹੁੰਚੇ। ਉਸ ਸਵੈਮਾਨ ਤੇ ਇੱਜਤ ਵਾਲਾ ਜੀਵਨ ਜੀਵੇ। ਸ਼ਾਮ ਵੇਲੇ ਪ੍ਰਬੰਧਕ ਕਮੇਟੀ ਵੱਲੋਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਨ ਸਤਿਕਾਰ ਨਾਲ ਮਨਾਇਆ ਗਿਆ। ਪ੍ਰਬੰਧਕਾਂ ਵੱਲੋਂ ਪੜ੍ਹਾਈ ਵਿੱਚੋਂ ਚੰਗੀਆਂ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਹੁਸ਼ਿਆਰ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਬੁਲਾਰਿਆਂ ਵੱਲੋਂ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੇ ਜੀਵਨ ਅਤੇ ਫਲਸਫੇ ਤੇ ਵਿਚਾਰਾਂ ਹੋਈਆਂ। ਉਹਨਾਂ ਕਿਹਾ ਕਿ ਬਾਬਾ ਸਾਹਿਬ ਸਮਾਨਤਾ ਸੁਤੰਤਰਤਾ ਭਾਈਚਾਰੇ ਅਤੇ ਨਿਆ ਪੱਖੀ ਸਨ। ਉਹਨਾਂ ਆਪਣਾ ਸਾਰਾ ਜੀਵਨ ਦਲਿਤ ਸਮਾਜ ਦੀ ਭਲਾਈ ਖਾਤਰ ਲਗਾ ਦਿੱਤਾ। ਨਾਰੀ ਜਾਤੀ ਨੂੰ ਸਨਮਾਨ ਦਿੱਤਾ। ਭਾਰਤ ਦਾ ਸੰਵਿਧਾਨ ਬਣਾ ਕੇ ਗਰੀਬ ਸਮਾਜ ਨੂੰ ਮੌਲਿਕ ਅਧਿਕਾਰ ਲੈ ਕੇ ਦਿੱਤੇ। ਕੀਤਾ। ਇਸ ਮੌਕੇ 'ਤੇ ਸੋਨੀ ਰਾਮ ਪ੍ਰਧਾਨ ਨੇ ਬਾਬਾ ਸਾਹਿਬ ਜੀ ਦੇ ਜਨਮਦਿਨ 'ਤੇ ਵਧਾਈ ਦਿੱਤੀ। ਕੀਰਤਨੀ ਜਥਾ ਬਾਬਾ ਸਤਨਾਮ ਸਿੰਘ ਹੁਸੈਨਪੁਰ ਵਾਲਿਆਂ ਨੇ ਵੀ ਬਾਬਾ ਸਾਹਿਬ ਜੀ ਦੇ "ਪੜ੍ਹੋ ,ਜੁੜੋ ਤੇ ਸੰਘਰਸ਼ ਕਰੋ" ਦੇ ਸੰਦੇਸ਼ 'ਤੇ ਚੱਲਣ ਲਈ ਪ੍ਰੇਰਿਆ। ਸਟੇਜ ਦੀ ਸੇਵਾ ਐਡਵੋਕੇਟ ਰਾਜਕੁਮਾਰ ਬੈਂਸ ਨੇ ਬਾਖੂਬੀ ਨਿਭਾਈ। ਇਸ ਸਮਾਗਮ ਵਿੱਚ ਸੋਢੀ ਸਿੰਘ ,ਨਿਰਮਲ ਸਿੰਘ ,ਦਲਵੀਰ ਸਿੰਘ, ਸੀਤਾ ਰਾਮ, ਦਲਵੀਰ ਸਿੰਘ ਸਪੁੱਤਰ ਮਹਿੰਗਾ ਰਾਮ ,ਅਜੇ ਕੁਮਾਰ ਪੰਚ ,ਐਡਵੋਕੇਟ ਕੁਲਵਿੰਦਰ ਰਾਏ ਅਤੇ ਹੋਰ ਬਹੁਤ ਸਾਰੇ ਬੁੱਧੀਜੀਵੀ ਸ਼ਾਮਿਲ ਸਨ। ਪ੍ਰੈਸ ਨੂੰ ਇਹ ਜਾਣਕਾਰੀ ਐਡਵੋਕੇਟ ਹਰਭਜਨ ਸਾਂਪਲਾ ਜੀ ਵੱਲੋਂ ਦਿੱਤੀ ਗਈ।

# ਮਿਸ਼ਨਰੀ ਸਾਥੀ ਰਵਿੰਦਰ ਕੁਮਾਰ ਦਾ ਬੁੱਧ ਵਿਹਾਰ ਸਿਧਾਰਥ ਨਗਰ ਪਹੁੰਚਣ 'ਤੇ ਨਿੱਘਾ ਸਵਾਗਤ

**ਜਲੰਧਰ (ਪਰਮਜੀਤ ਜੱਸਲ)**-ਅੱਜ ਬੁੱਧ ਵਿਹਾਰ ਸਿਧਾਰਥ ਨਗਰ ਜਲੰਧਰ ਵਿਖੇ ਮਿਸ਼ਨਰੀ ਸਾਥੀ ਰਵਿੰਦਰ ਕੁਮਾਰ ਚੂਹੜਵਾਲੀ ਪਧਾਰੇ। ਬੁੱਧ ਵਿਹਾਰ ਟਰੱਸਟ ਦੇ ਅਹੁਦੇਦਾਰ ਸੀਨੀਅਰ ਬੋਧੀ ਆਗੂ ਸ੍ਰੀ ਹੁਸਨ ਲਾਲ ਬੋਧ ਅਤੇ ਚੰਚਲ ਬੋਧ ਵਲੋਂ ਰਵਿੰਦਰ ਕੁਮਾਰ ਜੀ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ 'ਤੇ ਰਵਿੰਦਰ ਕੁਮਾਰ ਨੇ ਬੁੱਧ ਵਿਹਾਰ ਸਿਧਾਰਥ ਨਗਰ ਪਹੁੰਚਣ 'ਤੇ ਖੁਸ਼ੀ ਪ੍ਰਗਟਾਈ ਤੇ ਕਿਹਾ ਕਿ ਤਥਾਗਤ ਬੁੱਧ ਨੇ ਤਰਕ ਰਾਹੀਂ ਸਾਨੂੰ ਜਿਉਣ ਦੇ ਰਾਹ ਦੱਸੇ ਹਨ। ਉਨਾਂ ਅਸੂਲਾਂ ਉੱਤੇ ਸਾਨੂੰ ਚੱਲਣਾ ਪਵੇਗਾ, ਜਿਹਨਾਂ 'ਤੇ ਸਤਿਗੁਰ ਰਵਿਦਾਸ ਮਹਾਰਾਜ ਜੀ, ਤਥਾਗਤ ਬੁੱਧ, ਫੂਲੇ, ਸ਼ਾਹੂ ਜੀ ਅਤੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਚੱਲੇ ਸਨ। ਉਹਨਾਂ ਮਨੁੱਖਤਾ ਨੂੰ ਅੰਧ ਵਿਸ਼ਵਾਸਾਂ ਵਿੱਚੋਂ ਕੱਢਿਆ ਅਤੇ ਗਿਆਨਵਾਨ ਬਣਨ ਦਾ ਸੰਦੇਸ਼ ਦਿੱਤਾ। ਸੀਨੀਅਰ ਬੋਧੀ ਆਗੂ ਹੁਸਨ ਲਾਲ ਬੋਧ ਨੇ ਕਿਹਾ ਕਿ ਜੇਕਰ ਸੰਸਾਰ ਦੇ ਲੋਕ ਤਥਾਗਤ ਬੁੱਧ ਦੇ ਉਪਦੇਸ਼ "ਪੰਚਸ਼ੀਲ" ਮੁਤਾਬਕ ਚੱਲਣ ਲੱਗ ਜਾਣ ਤਾਂ ਸਾਡਾ





ਦੇਸ਼ ਸਦਾ ਲਈ ਖੁਸ਼ਹਾਲ ਹੋ ਸਕਦਾ ਹੈ। ਹੁਸਨ ਲਾਲ ਬੋਧ ਅਤੇ ਚੰਚਲ ਬਹੁਤ ਵਲੋਂ ਮਿਸ਼ਨਰੀ ਸਾਥੀ ਰਵਿੰਦਰ ਕੁਮਾਰ ਚੂਹੜਵਾਲੀ ਦਾ ਸਨਮਾਨ ਕੀਤਾ ਗਿਆ। ਚੰਚਲ ਬੋਧ ਵੱਲੋਂ ਉਹਨਾਂ ਦਾ ਧੰਨਵਾਦ ਕੀਤਾ ਗਿਆ।

# ਰਾਸ਼ਟਰੀ ਲੋਕ ਅਦਾਲਤ ’ਚ 19,436 ਮਾਮਲਿਆਂ ਦਾ ਮੌਕੇ ’ਤੇ ਕੀਤਾ ਗਿਆ ਨਿਪਟਾਰਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵਲੋਂ ਪੰਜਾਬ ਸਟੇਟ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ. ਨਗਰ ਦੇ ਦਿਸ਼ਾ-ਨਿਰਦੇਸ਼ਾਂ ’ਤੇ ਅੱਜ ਜ਼ਿਲ੍ਹੇ ਵਿਚ ਸਾਲ ਦੀ ਦੂਜੀ ਰਾਸ਼ਟਰੀ ਲੋਕ ਅਦਾਲਤ ਲਗਾਈ ਗਈ। ਇਸ ਲੋਕ ਅਦਾਲਤ ਵਿਚ ਐਨ.ਆਈ ਐਕਟ ਤਹਿਤ ਸੈਕਸ਼ਨ 138 ਦੇ ਮਾਮਲੇ, (ਲੰਬਿਤ ਅਤੇ ਪ੍ਰੀ-ਲਿਟੀਗੇਸ਼ਨ ਬੈਂਕ ਰਿਕਵਰੀ ਮਾਮਲੇ ਅਤੇ ਲੇਬਰ ਵਿਵਾਦ ਮਾਮਲੇ), ਮੋਟਰ ਦੁਰਘਟਨਾਵਾਂ ਦੇ ਦਾਅਵੇ ਮਾਮਲੇ (ਐਸ ਏ ਸੀ ਟੀ), ਬਿਜਲੀ ਅਤੇ ਪਾਣੀ ਦੇ ਬਿੱਲ (ਗੈਰ-ਸਮਝੌਤਾ ਯੋਗ ਨੂੰ ਛੱਡ ਕੇ), ਵਿਵਾਹਕ ਵਿਵਾਦ, ਟਰੈਫਿਕ ਚਾਲਾਨ, ਮਾਲ ਮਾਮਲੇ ਅਤੇ ਹੋਰ ਸਿਵਲ, ਘੱਟ ਗੰਭੀਰ ਅਪਰਾਧਿਕ ਮਾਮਲੇ ਅਤੇ ਘਰੇਲੂ ਝਗੜੇ ਆਦਿ ਦੇ ਮਾਮਲੇ ਰੱਖੇ ਗਏ। ਇਹ ਲੋਕ ਅਦਾਲਤ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰਾਜਿੰਦਰ ਅਗਰਵਾਲ ਦੀ ਯੋਗ ਅਗਵਾਈ ਲਗਾਈ ਗਈ। ਇਸ ਲੋਕ ਅਦਾਲਤ ਵਿਚ ਹੁਸ਼ਿਆਰਪੁਰ ਵਿਚ ਕੁੱਲ 19 ਬੈਂਚ ਬਣਾਏ ਗਏ, ਜਿਸ ਵਿਚ ਹੁਸ਼ਿਆਰਪੁਰ ਜੁਡੀਸ਼ੀਅਲ ਕੋਰਟ ਵਿਚ 8 ਬੈਂਚ, ਸਬ-ਡਵੀਜ਼ਨ ਦਸੂਹਾ ਵਿਚ 2 ਬੈਂਚ, ਮੁਕੇਰੀਆਂ ਵਿਚ 2 ਬੈਂਚ ਅਤੇ ਗੜ੍ਹਸ਼ੰਕਰ ਵਿਚ 2 ਬੈਂਚ ਅਤੇ ਮਾਲ ਕੋਰਟ ਵਿਚ 5 ਬੈਂਚਾਂ ਦਾ ਗਠਨ ਕੀਤਾ ਗਿਆ। ਜ਼ਿਲ੍ਹਾ ਹੁਸ਼ਿਆਰਪੁਰ ਦੀ ਲੋਕ ਅਦਾਲਤ ਵਿਚ 23,658 ਮਾਮਲਿਆਂ ਦੀ ਸੁਣਵਾਈ ਹੋਈ ਅਤੇ 19,436 ਮਾਮਲਿਆਂ ਦਾ ਮੌਕੇ ’ਤੇ ਨਿਪਟਾਰਾ ਕੀਤਾ ਗਿਆ, ਨਾਲ ਹੀ ਧਿਰਾਂ ਦੇ ਕੁੱਲ 8,870,264,341 ਰੁਪਏ ਦੇ ਅਵਾਰਡ ਪਾਸ ਕੀਤੇ ਗਏ। ਇਸ ਰਾਸ਼ਟਰੀ ਲੋਕ ਅਦਾਲਤ ਮੌਕੇ ਪੁਲਿਸ ਵਿਭਾਗ ਦੇ ਕਰਮਚਾਰੀਆਂ ਵਲੋਂ ਟਰੈਫਿਕ ਚਾਲਾਨ ਭੁਗਤਾਨ ਲਈ ਆਏ ਵਿਅਕਤੀਆਂ ਲਈ ਵਿਸ਼ੇਸ਼ ਹੈਲਪ ਡੈਸਕ ਲਗਾਏ ਗਏ ਤਾਂ ਜੋ ਅਦਾਲਤਾਂ ਵਿਚ ਲੱਗੇ ਟਰੈਫਿਕ ਚਾਲਾਨਾਂ ਦਾ ਆਸਾਨੀ ਨਾਲ ਭੁਗਤਾਨ ਕੀਤਾ ਜਾ ਸਕੇ। ਇਸ ਰਾਸ਼ਟਰੀ ਲੋਕ ਅਦਾਲਤ ਦੌਰਾਨ ਜ਼ਿਲ੍ਹੇ ਤੇ ਸੈਸ਼ਨ ਜੱਜ ਰਾਜਿੰਦਰ ਅਗਰਵਾਲ ਨਾਲ ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੀਰਜ ਗੋਇਲ ਨੇ ਲੋਕ ਅਦਾਲਤ ਦੇ ਬੈਂਚਾਂ ਦਾ ਦੌਰਾ ਕੀਤਾ। ਇਸ ਲੋਕ ਅਦਾਲਤ ਨੂੰ ਬਿਹਤਰ ਢੰਗ ਨਾਲ ਮੁਕੰਮਲ ਕਰਨ ਲਈ ਬਾਰ ਐਸੋਸੀਏਸ਼ਨ ਹੁਸ਼ਿਆਰਪੁਰ ਵਲੋਂ ਪੂਰਨ ਸਹਿਯੋਗ ਦਿੱਤਾ ਗਿਆ। ਨੀਰਜ ਗੋਇਲ ਵਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਲੋਕ ਅਦਾਲਤਾਂ ਵਿਚ ਮਾਮਲੇ ਦਰਜ ਕਰਕੇ ਵੱਧ ਤੋਂ ਵੱਧ ਲਾਭ ਉਠਾਉਣ ਕਿਉਂਕਿ ਇਸ ਨਾਲ ਸਮੇਂ ਅਤੇ ਪੈਸੇ ਦੀ ਬੱਚਤ ਹੁੰਦੀ ਹੈ। ਲੋਕ ਅਦਾਲਤ ਵਿਚ ਲਏ ਗਏ ਫੈਸਲੇ ਅੰਤਿਮ ਹੁੰਦੇ ਹਨ ਅਤੇ ਇਸ ਦੇ ਖਿਲਾਫ਼ ਕੋਈ ਅਪੀਲ ਨਹੀਂ ਹੁੰਦੀ, ਇਸ ਨਾਲ ਦੋਵੇਂ ਧਿਰਾਂ ਵਿਚਕਾਰ ਆਪਸੀ ਪਿਆਰ ਵੱਧਦਾ ਹੈ।

# ਸੰਤ ਰਾਮਾਨੰਦ ਜੀ ਦੀ ਯਾਦ 'ਚ ਪਿੰਡ ਮੋਖੇ ਵਿਖੇ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ





**ਜਲੰਧਰ, (ਪਰਮਜੀਤ ਜੱਸਲ)**–ਕੌਮ ਦੇ ਮਹਾਨ ਸ਼ਹੀਦ ਸੰਤ ਰਾਮਾਨੰਦ ਮਹਾਰਾਜ ਜੀ ਦੇ 16ਵੇਂ ਸ਼ਹੀਦੀ ਦਿਵਸ 'ਤੇ ਪਿੰਡ ਮੋਖੇ , ਜਲੰਧਰ (ਨੇੜੇ ਸੱਚਖੰਡ ਬੱਲਾਂ) ਵਿਖੇ ਠੰਢੇ ਮਿੱਠੇ ਜਲ ਦੀ ਛਬੀਲ ਸੁਰਜੀਤ ਲਾਲ ਪਾਲ ਅਤੇ ਉਹਨਾਂ ਦੇ ਪਰਿਵਾਰ ਅਤੇ ਪਿੰਡ ਦੇ ਬੁੱਧੀਜੀਵੀਆਂ ਵੱਲੋਂ ਰਲਮਿਲ ਕੇ ਲਗਾਈ ਗਈ। ਠੰਢੇ ਮਿੱਠੇ ਜਲ ਦੇ ਨਾਲ ਸੰਗਤਾਂ ਨੂੰ ਪ੍ਰਸ਼ਾਦ ਵੀ ਵੰਡਿਆ ਗਿਆ। ਛਬੀਲ ਸ਼ੁਰੂ ਕਰਨ ਤੋਂ ਪਹਿਲਾਂ ਅਰਦਾਸ ਕੀਤੀ ਗਈ। ਇਸ ਮੌਕੇ 'ਤੇ ਪ੍ਰਿੰਸੀਪਲ ਪਰਮਜੀਤ ਜੱਸਲ ਨੇ ਸੰਤ ਰਾਮਾਨੰਦ ਜੀ ਨੂੰ ਕੋਟਿਨ ਕੋਟਿ ਪ੍ਰਣਾਮ ਕਰਦਿਆਂ ਕਿਹਾ ਕਿ ਸੰਤ ਰਾਮਾਨੰਦ ਜੀ ਇੱਕ ਕ੍ਰਾਂਤੀਕਾਰੀ ਸੰਤ ਸਨ। ਜੋ ਦੇਸ਼ਾਂ -ਵਿਦੇਸ਼ਾਂ ਵਿੱਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਅੰਮ੍ਰਿਤ ਬਾਣੀ ਅਤੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੀ ਵਿਚਾਰਧਾਰਾ ਦਾ ਪ੍ਰਚਾਰ ਤੇ ਪ੍ਰਸਾਰ ਕਰਦੇ ਸਨ। ਆਸਟਰੀਆ ਦੀ ਰਾਜਧਾਨੀ ਵਿਆਨਾਂ ਵਿਖੇ ਸੰਤ ਨਿਰੰਜਨ ਦਾਸ ਮੌਜੂਦਾ ਗੱਦੀ ਨਸ਼ੀਨ ਡੇਰਾ ਸੰਤ ਸਰਵਣ ਦਾਸ ਸੱਚਖੰਡ ਬੱਲਾਂ ਅਤੇ ਸੰਤ ਰਾਮਾਨੰਦ ਜੀ ਸਤਿਗੁਰੂ ਰਵਿਦਾਸ ਗੁਰੂਘਰ 'ਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਚਾਰ ਤੇ ਪ੍ਰਸਾਰ ਕਰ ਰਹੇ ਸਨ ਤਾਂ ਮਾਨਵ ਵਿਰੋਧੀਆਂ ਨੇ ਉਹਨਾਂ 'ਤੇ ਜਾਨ-ਲੇਵਾ ਹਮਲਾ ਕੀਤਾ। ਸੰਤ ਰਾਮਾਨੰਦ ਜੀ ਨੂੰ ਸ਼ਹੀਦੀ ਦਾ ਜਾਮ ਪੀਣਾ ਪਿਆ। ਉਹ ਸਦਾ ਲਈ ਅਮਰ ਹੋ ਗਏ। ਸਗੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਦਾ ਪ੍ਰਚਾਰ ਅੱਗੇ ਨਾਲੋਂ ਕਈ ਗੁਣਾਂ ਵੱਧ ਗਿਆ। ਵਿਆਨਾ ਕਾਂਡ ਨਾਲ ਰਵਿਦਾਸੀਆ ਸਮਾਜ ਦੇ ਹਿਰਦੇ ਵਲੂੰਧਰੇ ਗਏ। ਉਹਨਾਂ ਆਪਣਾ 30 ਜਨਵਰੀ 2010 ਨੂੰ ਬਨਾਰਸ ਦੀ ਧਰਤੀ 'ਤੇ ਨਵਾਂ ਗ੍ਰੰਥ, ਪੰਥ ਅਤੇ ਧਰਮ ਬਣਾ ਲਿਆ। ਜਿਸ ਤੋਂ ਅੱਜ ਲੱਖਾਂ ਲੋਕ ਸੇਧ ਲੈ ਕੇ ਆਪਣੀ ਮੰਜ਼ਿਲ ਵੱਲ ਵਧ ਰਹੇ ਹਨ। ਠੰਢੇ ਮਿੱਠੇ ਜਲ ਦੀ ਛਬੀਲ ਸ਼ਾਮ ਤੱਕ ਚੱਲਦੀ ਰਹੀ। ਜਿਸ ਨਾਲ ਡੇਰਾ ਬੱਲਾਂ ਨੂੰ ਨਤਮਸਤਕ ਹੋਣ ਜਾ ਰਹੀਆਂ ਸੰਗਤਾਂ ਨੂੰ ਗਰਮੀ ਤੋਂ ਕੁਝ ਰਾਹਤ ਮਹਿਸੂਸ ਹੋਈ । ਇਸ ਛਬੀਲ ਦੀ ਸੇਵਾ ਵਿੱਚ ਚਮਨ ਸਿੰਘ, ਬਾਬੂ ਬਖਸ਼ੀਸ਼ ਚੰਦਰ, ਜਗਦੀਸ਼ ਚੰਦਰ, ਸੁਰਜੀਤ ਲਾਲ ਪਾਲ, ਮਦਨ ਲਾਲ ਮਹਿਮੀ, ਸੁਰਿੰਦਰ ਸਿੰਘ ਪਾਲ, ਲੱਕੀ, ਪ੍ਰਿੰਸੀਪਲ ਪਰਮਜੀਤ ਜੱਸਲ , ਜਸਵਿੰਦਰ ਕੁਮਾਰ, ਸ਼ਾਮ ਲਾਲ, ਅਮਰੀਕ ਸਿੰਘ, ਸੋਨੂੰ , ਬੰਟੀ, ਜੋਨੀ , ਸੰਤੋਸ਼ ਕੁਮਾਰ ਪੰਚ ਅਤੇ ਹੋਰ ਬਹੁਤ ਸਾਰੇ ਸਾਥੀ ਸ਼ਾਮਿਲ ਸਨ ।

# ਅਸੀਂ ਬੱਚਿਆਂ ਦੇ ਚੰਗੇ ਭਵਿੱਖ ਦੀ ਕਾਮਨਾ ਕਰਦੇ ਹਾਂ : ਡਾ ਨੱਛਤਰ ਪਾਲ







**ਬੰਗਾ (ਚਰਨਜੀਤ ਸੱਲ੍ਹਾਂ )** ਪੰਜਾਬ ਸਕੂਲ ਸਿੱਖਿਆ ਬੋਰਡ ਸਾਲ 2024-25 ਵਿੱਚ ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਜਮਾਤ ਵਿੱਚ ਮੈਰਿਟ ਸੂਚੀ ਵਿੱਚ ਆਏ ਸਾਰੇ ਵਿਦਿਆਰਥੀਆਂ ਦਾ ਸਨਮਾਨ ਸਮਾਰੋਹ ਸਸਸਸ ਕਰੀਹਾ ਦੇ ਮਲਟੀਪਰਪਜ਼ ਹਾਲ ਵਿਖੇ ਕਰਵਾਇਆ ਗਿਆ। ਸਮਾਜਕ ਚੇਤਨਾ ਮੰਚ ਸ਼ਭਸ ਨਗਰ ਦੇ ਮੁੱਖ ਪ੍ਰਬੰਧਕ ਦਿਨੇਸ਼ ਕਰੀਹਾ , ਸ਼੍ਰੀ ਛੋਟੂ ਰਾਮ ਜੀ ਸਾਬਕਾ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਅਤੇ ਸ਼੍ਰੀ ਅਸ਼ੋਕ ਕੁਮਾਰ ਜੀ ਸਾਬਕਾ ਬੀਪੀਈਓ ਦੀ ਸਰਪਰਤੀ ਹੇਠ ਕੀਤਾ ਗਿਆ। ਡਾ ਕਸਮੀਰ ਚੰਦ ਜੀ ਨੇ ਬਤੌਰ ਮੁੱਖ ਮਹਿਮਾਨ ਸਾਰੇ ਮੈਰਿਟ ਪ੍ਰਾਪਤ ਵਿਦਿਆਰਥੀਆਂ ਨੂੰ ਜ਼ਿੰਦਗੀ ਦੇ ਮੁਕਾਮ ਤੇ ਪਹੁੰਚਣ ਲਈ ਸਖ਼ਤ ਮਿਹਨਤ ਕਰਨ ਦੀ ਸਲਾਹ ਦਿੱਤੀ। ਡਾ ਨਛੱਤਰ ਪਾਲ ਜੀ ਜੀ ਨੇ ਇੰਨਾਂ ਵਿਦਿਆਰਥੀਆਂ ਨੂੰ ਆਪਣੇ ਬਡਮੁਲੇ ਵਿਚਾਰਾਂ ਨਾਲ ਪ੍ਰੇਰਿਤ ਕੀਤਾ। ਸ਼੍ਰੀ ਅਸ਼ੋਕ ਕੁਮਾਰ ਜੀ ਨੇ ਸਾਰਿਆਂ ਨੂੰ ਜੀ ਆਇਆ ਕਿਹਾ। ਸ਼ੀ ਛੋਟੂ ਰਾਮ ਜੀ , ਸ਼੍ਰੀ ਭੁਪਿੰਦਰ ਪਾਲ ਜੀ ਸ਼੍ਰੀ ਬਲਕਾਰ ਚੰਦ ਜੀ ਸਾਰੇ ਪ੍ਰਬੰਧ ਨੂੰ ਬਹੁਤ ਹੀ ਬਾਖੂਬੀ ਨਾਲ ਨਿਭਾਇਆ। ਸ਼੍ਰੀ ਅਮਰਜੀਤ ਖਟਕੜ ਉਜਿਸਿਅ ਸ਼੍ਰੀ ਲਖਵੀਕਰ ਸਿੰਘ ਉਜਿਸਿਅ੍ਰੀ ਸਤਨਾਮ ਸਿੰਘ ਡੀ ਐਸ ਐਸ ਅਤੇ ਦਵਿੰਦਰ ਕੌਰ ਖੇਡ ਅਫ਼ਸਰ ਨੇ ਵੀ ਬੱਚਿਆਂ ਨੂੰ ਚੰਗੇ ਭਵਿੱਖ ਲਈ ਕਾਮਨਾ ਕੀਤੀ। ਸਕੂਲ ਮੁਖੀ ਦਾ ਹਾਲ ਮੁਹੱਈਆ ਕਰਨ ਲਈ ਧੰਨਵਾਦ । ਬੇਟੀ ਬਬੀਤਾ ਜੋ ਕਿ ਦਸਵੀਂ ਜਮਾਤ ਦੀ ਵਿਦਿਆਰਥਣ ਹੈ ਨੇ ਸਟੇਜ ਨੂੰ ਬਹੁਤ ਹੀ ਬਾਖੂਬੀ ਨਾਲ ਨਿਭਾਇਆ। ਸਾਰਿਆਂ ਤੇ ਮਿਲੇ ਸਹਿਯੋਗ ਲਈ ਧੰਨਵਾਦ।

# ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਹਾਈਪਰਟੈਨਸ਼ਨ ਜਾਗਰੂਕਤਾ ਸੰਬੰਧੀ ਵੱਖ ਵੱਖ ਗਤੀਵਿਧੀਆਂ ਦਾ ਆਯੋਜਨ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਿਹਤ ਵਿਭਾਗ ਪੰਜਾਬ ਅਤੇ ਸਿਵਲ ਸਰਜਨ ਹੁਸ਼ਿਆਰਪੁਰ ਡਾ.ਪਵਨ ਕੁਮਾਰ ਸ਼ਗੋਤਰਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹਾਈਪਰਟੈਨਸ਼ਨ ਜਾਗਰੂਕਤਾ ਗਤੀਵਿਧੀਆਂ ਦਾ ਆਯੋਜਨ ਸੀਨੀਅਰ ਮੈਡੀਕਲ ਅਫਸਰ ਡਾ. ਸਵਾਤੀ ਸ਼ੀਂਹਮਾਰ ਦੀ ਅਗਵਾਈ ਹੇਠ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਕੀਤਾ ਗਿਆ। ਇਹਨਾਂ ਗਤੀਵਿਧੀਆਂ ਵਿੱਚ ਵੱਖ-ਵੱਖ ਨਰਸਿੰਗ ਕਾਲਜ ਦੀਆਂ ਵਿਦਿਆਰਥਣਾਂ ਨੇ ਹਿੱਸਾ ਲਿਆ ਅਤੇ ਲੋਕਾਂ ਨੂੰ ਹਾਈਪਰਟੈਨਸ਼ਨ ਤੋਂ ਬਚਾਅ ਬਾਰੇ ਜਾਗਰੂਕ ਕੀਤਾ ਗਿਆ। ਇਸ ਦੌਰਾਨ ਡਾ. ਸਵਾਤੀ ਨੇ ਕਿਹਾ ਕਿ 17 ਮਈ ਤੋਂ ਲੈ ਕੇ 17 ਜੂਨ ਤੱਕ ਹਾਈਪਰਟੈਂਸ਼ਨ ਜਾਗਰੂਕਤਾ ਮਹੀਨੇ ਦੇ ਤੌਰ ਤੇ ਮਨਾਇਆ ਜਾ ਰਿਹਾ ਹੈ। ਜਿਸਦਾ ਮੁੱਖ ਮੰਤਵ ਹਾਈ ਬਲੱਡ ਪ੍ਰੈਸ਼ਰ ਬਾਰੇ ਲੋਕਾਂ ਨੂੰ ਜਾਗਰੂਕ ਕਰਕੇ ਉਹਨਾਂ ਦੀ ਜਾਣਕਾਰੀ ਵਿੱਚ ਵਾਧਾ ਕਰਨਾ ਹੈ। ਬਦਲਦੀ ਜੀਵਨ ਸ਼ੈਲੀ ਕਾਰਣ ਬਹੁਤ ਸਾਰੇ ਲੋਕ ਹਾਈ ਬਲੱਡ ਪ੍ਰੈਸ਼ਰ ਦੇ ਸ਼ਿਕਾਰ ਹਨ, ਜਿਸ ਕਾਰਣ ਦਿਲ ਦੀਆਂ ਬੀਮਾਰੀਆਂ, ਕਿਡਨੀ ਫੇਲੀਅਰ ਆਦਿ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇੱਥੋਂ ਤੱਕ ਕਿ ਬੱਚੇ ਵੀ ਇਸ ਬੀਮਾਰੀ ਦਾ ਸ਼ਿਕਾਰ ਹੋ ਰਹੇ ਹਨ। ਉਨਾਂ ਕਿਹਾ ਕਿ ਤਲਿਆ ਹੋਇਆ ਜਾਂ ਜਿਆਦਾ ਨਮਕ ਵਾਲਾ ਭੋਜਨ, ਬੁਢਾਪਾ, ਨਸ਼ੀਲੇ ਪਦਾਰਥ, ਮੋਟਾਪਾ, ਘੱਟ ਕਸਰਤ ਅਤੇ ਦਿਮਾਗੀ ਪ੍ਰੇਸ਼ਾਨੀ ਹਾਈ ਬਲੱਡ ਪ੍ਰੈਸ਼ਰ ਦੇ ਮੁੱਖ ਕਾਰਣ ਹਨ। ਆਪਣੀ ਜੀਵਨ ਸ਼ੈਲੀ ਵਿੱਚ ਬਦਲਾਅ ਲਿਆ ਕੇ ਅਸੀ ਬਲੱਡ ਪ੍ਰੈਸ਼ਰ ਵਰਗੀਆਂ ਹੋਰ ਗੈਰ ਸੰਚਾਰਿਤ ਬੀਮਾਰੀਆਂ ਜਿਵੇਂ ਸ਼ੂਗਰ, ਦਿਲ ਦਾ ਦੌਰਾ ਆਦਿ ਵਰਗੀਆਂ ਬੀਮਾਰੀਆਂ ਤੋਂ ਬਚਾਅ ਕਰ ਸਕਦੇ ਹਾਂ। ਉਹਨਾਂ ਕਿਹਾ ਕਿ ਇਹਨਾਂ ਗਤੀਵਿਧੀਆਂ ਤਹਿਤ ਸ਼੍ਰੀ ਗੁਰੂ ਰਾਮ ਦਾਸ ਕਾਲਜ ਆਫ਼ ਨਰਸਿੰਗ ਦੀਆਂ ਵਿਦਿਆਰਥਣਾਂ ਵੱਲੋਂ ਹਾਈਪਰਟੈਨਸ਼ਨ ਦੇ ਕਾਰਨਾਂ ਅਤੇ ਜੋਖਮਾਂ ਨੂੰ ਉਜਾਗਰ ਕਰਦੇ ਹੋਏ ਸਿਹਤ ਭਾਸ਼ਣ ਵੱਖ-ਵੱਖ ਵਾਰਡਾਂ ਵਿੱਚ ਜਾ ਕੇ ਦਿੱਤੇ ਗਏ। ਮਦਰ ਮੈਰੀ ਕਾਲਜ ਆਫ਼ ਨਰਸਿੰਗ ਦੇ ਵਿਦਿਆਰਥੀਆਂ ਨੇ ਐਮਸੀਐਚ ਵਿੰਗ ਵਿੱਚ ਮਰੀਜ਼ਾਂ ਅਤੇ ਆਮ ਲੋਕਾਂ ਨੂੰ ਬਲੱਡ ਪ੍ਰੈਸ਼ਰ ਦੇ ਲੱਛਣਾਂ ਬਾਰੇ ਜਾਗਰੂਕ ਕੀਤਾ। ਆਈਸੀਐਨ ਸ੍ਰੀਮਤੀ ਹਰਪ੍ਰੀਤ ਕੌਰ ਵੱਲੋਂ ਗੁਰੂ ਰਾਮ ਦਾਸ ਨਰਸਿੰਗ ਕਾਲਜ ਅਤੇ ਐਸਟੀ ਨਰਸਿੰਗ ਕਾਲਜ ਵਿਚਕਾਰ ਇੱਕ ਕੁਇਜ਼ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥਣਾਂ ਦੀ ਹਾਈਪਰਟੈਨਸ਼ਨ ਬਾਰੇ ਗਿਆਨ ਦੀ ਜਾਂਚ ਕੀਤੀ ਗਈ। ਡਾ. ਸਵਾਤੀ ਨੇ ਕਿਹਾ ਕਿ ਇਹਨਾਂ ਪਹਿਲਕਦਮੀਆਂ ਦਾ ਉਦੇਸ਼ ਭਾਈਚਾਰੇ ਵਿੱਚ ਹਾਈਪਰਟੈਨਸ਼ਨ (ਹਾਈ ਬਲੱਡ ਪ੍ਰੈਸ਼ਰ) ਬਾਰੇ ਸਿਹਤ ਜਾਗਰੂਕਤਾ ਅਤੇ ਰੋਕਥਾਮ ਨੂੰ ਉਤਸ਼ਾਹਿਤ ਕਰਨਾ ਹੈ।

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com